Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 72 | Wednesday, April 13, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਲਿਬਰਲਾਂ ਵੱਲੋਂ ਕੰਮ ਵਿੱਚ ਮਹਿਲਾਵਾਂ ਨੂੰ ਪਹਿਲ ਦੇਣ ਤੋਂ ਇਲਾਵਾ ਤਨਖਾਹ ਵਿੱਚ ਪਾਰਦਰਸ਼ਤਾ ਵਾਲਾ ਬਿੱਲ ਲਿਆਉਣ ਦਾ ਵਾਅਦਾ




ਓਨਟਾਰੀਓ, 12 ਅਪਰੈਲ (ਪੋਸਟ ਬਿਊਰੋ) : ਓਨਟਾਰੀਓ ਦੇ ਲਿਬਰਲਾਂ ਵੱਲੋਂ ਇਹ ਐਲਾਨ ਕੀਤਾ ਜਾ ਰਿਹਾ ਹੈ ਕਿ ਉਹ ਸਕੂਲ ਤੋਂ ਪਹਿਲਾਂ ਤੇ ਬਾਅਦ ਵਾਲੀ ਕੇਅਰ ਲਈ 10 ਡਾਲਰ ਰੋਜ਼ਾਨਾਂ ਦੀ ਯੋਜਨਾ ਲਿਆਉਣਗੇ, ਮਾਪਿਆਂ ਨੂੰ ਦਿੱਤੀ ਜਾਣ ਵਾਲੀ ਛੁੱਟੀ ਨੂੰ ਤਰਜੀਹ ਦੇਣਗੇ, ਕੰਮ ਵਿੱਚ ਮਹਿਲਾਵਾਂ ਨੂੰ ਪਹਿਲ ਦੇਣ ਤੋਂ ਇਲਾਵਾ ਤਨਖਾਹ ਵਿੱਚ ਪਾਰਦਰਸ਼ਤਾ ਵਾਲਾ ਬਿੱਲ ਲਿਆਉਣਗੇ। ਇਹ ਸਾਰੇ ਵਾਅਦੇ ਲਿਬਰਲਾਂ ਵੱਲੋਂ ਆਪਣੇ ਚੋਣ ਪਲੇਟਫਾਰਮ ਵਿੱਚ ਕੀਤੇ ਜਾ ਰਹੇ ਹਨ।

ਲਿਬਰਲ ਆਗੂ ਸਟੀਵਨ ਡੈਲ ਡੂਕਾ ਵੱਲੋਂ ਪਾਰਟੀ ਦੀ ਯੋਜਨਾ ਦਾ ਐਲਾਨ ਕਰਦਿਆਂ ਆਖਿਆ ਗਿਆ ਕਿ ਪ੍ਰੋਵਿੰਸ ਵਿੱਚ ਖੁਸ਼ਹਾਲੀ ਲਿਆਉਣ ਦਾ ਇੱਕੋ ਰਾਹ ਇਹ ਹੈ ਕਿ ਸਾਰੇ ਓਨਟਾਰੀਓ ਵਾਸੀਆਂ ਨੂੰ ਬਰਾਬਰ ਮੌਕੇ ਦਿੱਤੇ ਜਾਣ। ਪਾਰਟੀ ਵੱਲੋਂ ਇਹ ਐਲਾਨ ਵੀ ਕੀਤਾ ਜਾ ਰਿਹਾ ਹੈ ਕਿ ਜੇ ਉਹ 2 ਜੂਨ ਦੀਆਂ ਚੋਣਾਂ ਵਿੱਚ ਜਿੱਤਦੇ ਹਨ ਤਾਂ ਉਹ ਸਕੂਲ ਤੋਂ ਪਹਿਲਾਂ ਤੇ ਬਾਅਦ ਵਾਲੀ ਕੇਅਰ 10 ਡਾਲਰ ਰੋਜ਼ਾਨਾ ਦੇ ਹਿਸਾਬ ਨਾਲ ਮੁਹੱਈਆ ਕਰਵਾਉਣਗੇ ਜਿਸ ਤਹਿਤ ਪੰਜ ਸਾਲ ਤੱਕ ਦੇ ਬੱਚਿਆਂ ਨੂੰ ਲਾਇਸੰਸਸ਼ੁਦਾ ਲੋਕਾਂ ਵੱਲੋਂ ਕੇਅਰ ਦਿੱਤੀ ਜਾਵੇਗੀ ਤੇ 18 ਮਹੀਨਿਆਂ ਦਾ ਪੇਰੈਂਟਲ ਲੀਵ ਪ੍ਰੋਗਰਾਮ ਵੀ ਸ਼ੁਰੂ ਕੀਤਾ ਜਾਵੇਗਾ।

...ਬਾਕੀ ਪੰਨਾ 3 'ਤੇ

## ਭਾਰਤੀ ਮੂਲ ਦੇ ਵਿਦਿਆਰਥੀ ਤੇ ਇੱਕ ਹੋਰ ਵਿਅਕਤੀ ਦੇ ਕਤਲ ਦੇ ਸਬੰਧ 'ਚ 39 ਸਾਲਾ ਮਸ਼ਕੂਕ ਗ੍ਰਿਫਤਾਰ



ਟੋਰਾਂਟੋ, 12 ਅਪਰੈਲ (ਪੋਸਟ ਬਿਊਰੋ) : ਡਾਊਨਟਾਊਨ ਟੋਰਾਂਟੋ ਵਿੱਚ ਭਾਰਤੀ ਮੂਲ ਦੇ ਵਿਦਿਆਰਥੀ ਸਮੇਤ ਪਿੱਛੇ ਜਿਹੇ ਕੀਤੇ ਗਏ ਦੋ ਕਤਲਾਂ ਦੇ ਸਬੰਧ ਵਿੱਚ 39 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਮੰਗਲਵਾਰ ਸਵੇਰੇ ਮੁਹੱਈਆ ਕਰਵਾਈ ਗਈ ਅਪਡੇਟ ਅਨੁਸਾਰ ਟੋਰਾਂਟੋ ਪੁਲਿਸ ਚੀਫ ਜੇਮਜ਼ ਰੇਮਰ ਨੇ ਆਖਿਆ ਕਿ ਪਿਛਲੇ ਹਫਤੇ ਵਾਪਰੀਆਂ ਸ਼ੂਟਿੰਗ ਦੀਆਂ ਦੋ ਘਟਨਾਵਾਂ ਦੇ ਸਬੰਧ ਵਿੱਚ ਐਤਵਾਰ ਸ਼ਾਮ ਨੂੰ ਮਸ਼ਕੂਕ ਨੂੰ ਪੁਲਿਸ ਨੇ ਉਸ ਦੇ ਘਰ ਤੋਂ ਜਾ ਦਬੋਚਿਆ। ਜ਼ਿਕਰਯੋਗ ਹੈ ਕਿ ਬੀਤੇ ਵੀਰਵਾਰ 21 ਸਾਲਾ ਕਾਰਤਿਕ ਵਾਸੂਦੇਵ ਨੂੰ ਸ਼ੇਰਬਰਨ ਸਬਵੇਅ ਸਟੇਸ਼ਨ ਉੱਤੇ ਗੋਲੀ ਮਾਰ ਦਿੱਤੀ ਗਈ ਸੀ।

ਸ਼ਨਿੱਚਰਵਾਰ ਸ਼ਾਮ ਨੂੰ ਡੰਡਸ ਤੇ ਜਾਰਜ ਸਟਰੀਟਸ ਦੇ ਲਾਂਘੇ ਨੇੜੇ ਕਿਸੇ ਅਜਨਬੀ ਵੱਲੋਂ 35 ਸਾਲਾਂ ਦੇ ਐਲਿਜਾਹ ਐਲੀਜ਼ਰ ਮਾਹੇਪਾਥ ਨੂੰ ਗੋਲੀ ਮਾਰ ਦਿੱਤੀ ਗਈ। ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਰੇਮਰ ਨੇ ਆਖਿਆ ਕਿ ਦੂਜੇ ਹਮਲੇ ਤੋਂ ਬਾਅਦ ਜਾਂਚਕਾਰ ਕਾਰਤਿਕ ਤੇ ਐਲਿਜਾਹ ਦੇ ਕਤਲ ਦਰਮਿਆਨ ਲਿੰਕ ਸਥਾਪਤ ਕਰਨ ਵਿੱਚ ਕਾਮਯਾਬ ਰਹੇ।

...ਬਾਕੀ ਪੰਨਾ 3 'ਤੇ

## ਕੈਨੇਡਾ ਆਉਣ ਉੱਤੇ ਇੰਟਰਨੈਸ਼ਨਲ ਟਰੈਵਲਰਜ਼ ਨੂੰ 14 ਦਿਨਾਂ ਲਈ ਮਾਸਕ ਲਾ ਕੇ ਰੱਖਣਾ ਹੋਵੇਗਾ



ਓਟਵਾ, 12 ਅਪਰੈਲ (ਪੋਸਟ ਬਿਊਰੋ) : ਕੋਵਿਡ-19 ਮਹਾਂਮਾਰੀ ਦੇ ਪਲ ਪਲ ਬਦਲ ਰਹੇ ਰੂਪ ਕਾਰਨ ਕੈਨੇਡਾ ਵਿੱਚ ਇੰਟਰਨੈਸ਼ਨਲ ਟਰੈਵਲ ਨਾਲ ਸਬੰਧਤ ਨਿਯਮਾਂ ਵਿੱਚ ਵੀ ਥੋੜ੍ਹੀ ਥੋੜ੍ਹੀ ਦੇਰ ਬਾਅਦ ਤਬਦੀਲੀ ਕਰਨੀ ਪੈ ਰਹੀ ਹੈ। ਬਹੁਤੇ ਪ੍ਰੋਵਿੰਸਾਂ ਵਿੱਚ ਇੰਡੋਰ ਸੈਟਿੰਗਜ਼ ਵਿੱਚ ਮਾਸਕ ਸਬੰਧੀ ਨਿਯਮਾਂ ਨੂੰ ਭਾਵੇਂ ਖ਼ਤਮ ਕੀਤਾ ਜਾ ਚੁੱਕਿਆ ਹੈ ਪਰ ਫੈਡਰਲ ਸਰਕਾਰ ਚਾਹੁੰਦੀ ਹੈ ਕਿ ਇੰਟਰਨੈਸ਼ਨਲ ਟਰੈਵਲ ਤੋਂ ਪਰਤਣ ਵਾਲੇ ਸਾਰੇ ਲੋਕ ਮਾਸਕ ਜ਼ਰੂਰ ਲਾ ਕੇ ਰੱਖਣ। ਪਹਿਲੀ ਅਪਰੈਲ ਤੋਂ ਲਾਗੂ ਹੋਏ ਨਵੇਂ ਨਿਯਮਾਂ ਵਿੱਚ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਇੰਟਰਨੈਸ਼ਨਲ ਟਰੈਵਲਰਜ਼ ਲਈ ਪਾਬੰਦੀਆਂ ਵਿੱਚ ਪੂਰੀ ਢਿੱਲ ਦੇ ਦਿੱਤੀ ਗਈ ਸੀ। ਜਿਸ ਨਾਲ ਹਰ ਕਿਸੇ ਲਈ ਜਹਾਜ਼ ਚੜ੍ਹਨਾ ਸੁਖਾਲਾ ਹੋ ਗਿਆ ਸੀ। ਹਾਲਾਂਕਿ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾ ਚੁੱਕੇ ਟਰੈਵਲਰਜ਼ ਨੂੰ ਕੈਨੇਡਾ ਪਹੁੰਚਣ ਉੱਤੇ ਨੈਗੇਟਿਵ ਕੋਵਿਡ-19 ਟੈਸਟ ਪੇਸ਼ ਨਹੀਂ ਕਰਨਾ ਹੋਵੇਗਾ ਪਰ ਅਜਿਹੇ ਕੁੱਝ ਨਿਯਮ ਅਜੇ ਵੀ ਹਨ ਜਿਨ੍ਹਾਂ ਨੂੰ ਮੰਨਣਾ ਟਰੈਵਲਰਜ਼ ਲਈ ਲਾਜ਼ਮੀ ਹੋਵੇਗਾ। 72 ਘੰਟਿਆਂ ਦੇ ਅੰਦਰ ਅੰਦਰ ਹਰੇਕ ਟਰੈਵਲਰ ਨੂੰ ਆਪਣਾ ਐਰਾਈਵਕੈਨ ਫਾਰਮ ਜ਼ਰੂਰੀ ਮੁਕੰਮਲ ਕਰਨਾ ਹੋਵੇਗਾ, ਜਿਸ ਵਿੱਚ ਕੁਆਰਨਟੀਨ ਪਲੈਨ ਦਾ ਵੇਰਵਾ ਵੀ ਹੋਵੇਗਾ ਤੇ ਟਰੈਵਲਰਜ਼ ਨੂੰ ਆਪਣੀ ਵੈਕਸੀਨੇਸ਼ਨ ਦਾ ਸਬੂਤ ਵੀ ਅਪਲੋਡ ਕਰਨਾ ਹੋਵੇਗਾ।

ਨਵੇਂ ਨਿਯਮਾਂ ਅਨੁਸਾਰ ਏਅਰਪੋਰਟ ਛੱਡਣ ਤੋਂ ਬਾਅਦ :

- ਤੁਹਾਨੂੰ ਜਨਤਕ ਥਾਂਵਾਂ ਉੱਤੇ ਵਿਚਰਦੇ ਸਮੇਂ ਹਰ ਵੇਲੇ ਮਾਸਕ ਲਾ ਕੇ ਰੱਖਣਾ ਹੋਵੇਗਾ
- ਕੈਨੇਡਾ ਵਿੱਚ ਤੁਹਾਡੇ ਪਹਿਲੇ 14 ਦਿਨਾਂ ਲਈ ਨੇੜਲੇ ਕਾਂਟੈਕਟਸ ਦੀ ਲਿਸਟ ਵੀ ਕਾਇਮ ਕਰਨੀ ਹੋਵੇਗੀ
- ਕੋਵਿਡ-19 ਦੇ ਲੱਛਣਾਂ ਦੇ ਸਬੰਧ ਵਿੱਚ ਖੁਦ ਦੀ ਨਿਗਰਾਨੀ ਕਰਨੀ ਹੋਵੇਗੀ

...ਬਾਕੀ ਪੰਨਾ 3 'ਤੇ

## ਬਰੁਕਲਿਨ ਸਬਵੇਅ ਸ਼ੂਟਿੰਗ ਵਿੱਚ ਕਈ ਜ਼ਖ਼ਮੀ, ਮਸ਼ਕੂਕ ਦੀ ਭਾਲ ਕਰ ਰਹੀ ਹੈ ਪੁਲਿਸ



ਨਿਊ ਯੌਰਕ, 12 ਅਪਰੈਲ (ਪੋਸਟ ਬਿਊਰੋ) : ਇੱਕ ਵਿਅਕਤੀ ਨੇ ਨਿਊ ਯੌਰਕ ਸਬਵੇਅ ਟਰੇਨ ਵਿੱਚ ਧੂੰਏ ਵਾਲਾ ਗ੍ਰਨੇਡ ਸੁੱਟਣ ਤੋਂ ਬਾਅਦ ਅੰਨ੍ਹੇਵਾਹ ਗੋਲੀਆਂ ਚਲਾ ਕੇ ਕਈ ਲੋਕਾਂ ਨੂੰ ਜ਼ਖ਼ਮੀ ਕਰ ਦਿੱਤਾ। ਹਮਲਾਵਰ ਨੇ ਗੈਸ ਮਾਸਕ ਤੇ ਕੰਸਟ੍ਰਕਸ਼ਨ ਵੈਸਟ ਪਾਈ ਹੋਈ ਸੀ। ਪੁਲਿਸ ਵੱਲੋਂ ਤੇਜ਼ੀ ਨਾਲ ਸ਼ੂਟਰ ਦੀ ਭਾਲ ਕੀਤੀ ਜਾ ਰਹੀ ਹੈ ਤੇ ਇੱਕ ਕਿਰਾਏ ਉੱਤੇ ਲਈ ਗਈ ਵੈਨ ਨੂੰ ਟਰੈਕ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜਿਸ ਦੀ ਵਰਤੋਂ ਇਸ ਕੰਮ ਨੂੰ ਅੰਜਾਮ ਦੇਣ ਲਈ ਕੀਤੀ ਗਈ ਹੋ ਸਕਦੀ ਹੈ।

ਚਸ਼ਮਦੀਦਾਂ ਅਨੁਸਾਰ ਸਬਵੇਅ ਸਟੇਸ਼ਨ ਉੱਤੇ ਹਫੜਾ-ਦਫੜੀ ਵਾਲਾ ਮਾਹੌਲ ਸੀ। ਕਿਸੇ ਪਾਸੇ ਧੂੰਆਂ ਨਿਕਲ ਰਿਹਾ ਸੀ, ਕਿਤੇ ਖੂਨ ਡੁੱਲ੍ਹਿਆ ਪਿਆ ਸੀ ਤੇ ਕਈ ਲੋਕ ਜ਼ਖ਼ਮੀ ਹਾਲਤ ਵਿੱਚ ਰੋ ਕੁਰਲਾ ਰਹੇ ਸਨ। ਬੁਰੀ ਤਰ੍ਹਾਂ ਡਰੇ ਹੋਏ ਲੋਕ ਚੀਕਦੇ ਹੋਏ ਗੱਡੀ ਵਿੱਚੋਂ ਬਾਹਰ ਨਿਕਲ ਰਹੇ ਸਨ। ਪ੍ਰਾਪਤ ਜਾਣਕਾਰੀ ਅਨੁਸਾਰ ਪੰਜ ਵਿਅਕਤੀਆਂ ਦੀ ਹਾਲਤ ਨਾਜ਼ੁਕ ਦੱਸੀ ਜਾ ਰਹੀ ਹੈ ਪਰ ਸਭਨਾਂ ਦੇ ਬਚਣ ਦੀ ਸੰਭਾਵਨਾ ਹੈ। ਘੱਟੋ ਘੱਟ 29 ਲੋਕਾਂ ਨੂੰ ਗੋਲੀ ਲੱਗਣ, ਧੂੰਆਂ ਚੜ੍ਹਨ ਤੇ ਹੋਰਨਾਂ ਹਾਲਾਤ ਕਾਰਨ ਨੇੜਲੇ ਹਸਪਤਾਲਾਂ ਵਿੱਚ ਦਾਖਲ ਕਰਵਾਇਆ ਗਿਆ।

ਇਹ ਘਟਨਾ ਉਸ ਗੱਡੀ ਉੱਤੇ ਵਾਪਰੀ ਜਿਹੜੀ ਸਨਸੈੱਟ ਪਾਰਕ ਦੇ ਨੇੜੇ ਮੈਨਹਟਨ ਤੋਂ 15 ਮਿੰਟ ਦੇ ਸਫਰ ਤੋਂ ਬਾਅਦ ਸਬਵੇਅ ਸਟੇਸ਼ਨ ਉੱਤੇ ਆ ਕੇ ਰੁਕੀ। ਇਸ ਇਲਾਕੇ ਵਿੱਚ ਬਹੁਤਾ ਕਰਕੇ ਸਪੈਨਿਸ਼ ਤੇ ਏਸ਼ੀਅਨ ਕਮਿਊਨਿਟੀਜ਼ ਰਹਿੰਦੀਆਂ ਹਨ।

...ਬਾਕੀ ਪੰਨਾ 3 'ਤੇ

NOW HIRING !!! ALLKIND INSURANCE
•Life Insurance •Critical illness Ins •Travel & Visitor Ins •RESP & TFSA & RRSP
•Super Visa Insurance •Mortgage Insurance •Disability Insurance •Funeral Insurance
SIMRAN SAINI 416.994.7272
www.allkindinsurance.com

MOTEL FOR SALE ON HWY 7
IN THE MIDDLE OF TORONTO AND OTTAWA
$1,275,000
•Excellent Cash Flow And Low Vacancy Rate •Low Operating Costs •Many Recent Upgrades To Rooms
•New Security Camera System •Plan Approved For Additional Unit
RAJ HANDA Broker of Record DIR: 647-546-5228 OFF: 905-457-4588 SAVEMAX GLOBAL REALTY RAJ@SAVEMAXGLOBALREALTY.COM

INSURANCE
Home, Auto, Business, Trucking, Life Insurance, Commercial
647-206-2452 Sukhwinder K Singh
CONNEX 7050A Bramalea Rd, Unit # 13, Mississauga, ON L5S 1T1

Locations Woodbridge Mississauga Scarborough
YES! Immigration Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮੀਗਰੇਸ਼ਨ ਸੇਵਾਵਾਂ 10-20% Discount
Raj Narang Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969 (647)616-1020

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance, Mortgage Insurance, Life Insurance, Visitor & Travel Insurance, RESP(Education Plan), Critical Illness Insurance
RANJIT GILL Insurance Advisor 416-724-5000

ROYAL STAR Realty Inc. Brokerage
Off: 905-793-1111 Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

AUTO & HOME INSURANCE
Super visa Insurance, Life & Disability, Critical illness, RESP, Visitor & Travel insurance
(416-845-1352) Manwinder Mangat
Aaxel InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
www.ksgpestcontrol.ca ksgpestcontrol@gmail.com
KSG Pest Control Inc. Amarjeet Singh Gill

Dubai Jewellers
Gift Prize with Every Purchase
10% additional discount on gold and upto 50% on diamond.
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive Unit #19, Brampton Ontario L6S 0E9
Raj & Gulshan Mob: 416-465-1200
North Park & Airport Major Intersection
www.dubaijewellers.ca info@dubaijewellers.ca

HELPING YOU PLAN TODAY...FOR TOMORROW
Supervisa / Visitor Insurance, Life /Mortgage/Funeral Insurance, Disability Insurance, Critical Illness Insurance, RESP /RRSP
JATINDERBIR S BAJWA Insurance Broker
Dir: 647-928-4990 www.ufsinsurance.com
# 25-831 Bovaird Dr. W. Brampton, ON L6X0T9

Law Office of Aman Sharma
-Real Estate -Commercial Lease
-Business Purchase & Sale
-Notarizations & Affidavits
-Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

PROTECT YOUR HOME FROM PESTS Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

KELLEY LAW OFFICE
Immigration, Real Estate, Family Law, Business Closing, Corporate, Wills & Estate, Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley 905-362-0755

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਕਰਜ਼ੇ ਦੀ ਸਿਰਦਰਦੀ ?
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
Late Evening and Weekends Appointments Available
416-502-3100 1888 864 3131
Jasbir Singh Hundal Qualified Credit Counsellor
www.MakeMeDebtFree.ca
Unit #20 - 7015 Tranmere Drive Mississauga, ON L5S 1T7

CN Forklift Training Center
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

Royal Pest Control
Residential Commercial Industrial
Specialist in Bedbugs Service
All Pest Control :
Mouse & Rats, Spiders & Fleas, Bedbugs, Wasps, Cockroaches, Carpenter Ants, Silver Fish, Racoons
Call : PARESH PATEL
416 938 4598

Mortgage! We Will Beat Any Rate !!!
Purchase || Refinance || Major Banks /Credit Unions || Private Lenders || Second Mortgages-Lowest 6.99 %
Cell: 416-841-4218 Tel: 905-216-5563
The Mortgage Centre | Avon Financial
Harpreet Singh Goraya
831 Bovaird Dr. West, Unit 25, Brampton, ON L6X 0T9 Fax : 905-216-0392

MANN LAW FIRM
Real Estate Law, Business Law, Wills & Estates, Family Law, Power of Attorney, Civil Litigation, Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333 www.mannlawfirm.ca




# Now Hiring

LIGHT SPEED Logistics Inc.

## Owner Operators

| | |
|---|---|
| US TEAM | $2.09 |
| US SINGLE | $1.94 |
| ONTARIO/QUEBEC TO MIDWEST | $2.24 |
| CANADIAN TEAM | $1.89 |
| CANADIAN SINGLE | $1.74 |
| (AB-BC) (BC-AB) | $2.29 |

## Company Drivers

| | |
|---|---|
| US TEAM | $0.86 |
| US SINGLE | $0.62 |
| CANADIAN TEAM | $0.66 |
| CANADIAN SINGLE | $0.50 |
| ON/QC TEAM TO MID-WEST | $0.96 |
| ON/QC SINGLE TO MID-WEST | $0.72 |
| (AB-BC) (BC-AB) TEAM | $0.81 |
| (AB-BC) (BC-AB) SINGLE | $0.65 |

* Conditions Apply

Call us or Drop in!

JAGGI DHILLON : 403-542-4258
GURBIR SARAN : 416-768-5441
1-800-397-6009 (Press Option 3)
122 Carmek Blvd, Rocky View AB T1X 1X1

safedrivers@lslinc.com www.lslinc.com

# EXCLUSIVE OFFER!

## GET A $15 IN-STORE CREDIT

*WITH NEW ACTIVATION ON A $25/MO DATA, TALK, & TEXT PLAN OR HIGHER



chatr™ AUTHORIZED DEALER

1 Promenade Circle | Thornhill, ON | 647-274-3808
2456 Lake Shore Blvd West | Etobicoke, ON | 416-259-3654
379 Main St. North | Brampton, ON | 905-451-0379

See in-store for details. Offer available March 6th - 31st, 2022 and subject to change without notice. *Only applicable with new activation on a $25/mo Data, Talk & Text plan or higher. In-store credit cannot be applied to top-ups, bill payments, SIM cards, vouchers or redeemed for cash and has no cash value. Visit chatrmobile.com/plans for more details. Taxes are extra and while quantities last. ™ Trademarks used under license ©2022

# ਕੈਨੇਡਾ ਆਉਣ ਉੱਤੇ ਇੰਟਰਨੈਸ਼ਨਲ ਟਰੈਵਲਰਜ਼ ਨੂੰ 14 ਦਿਨਾਂ ਲਈ ਮਾਸਕ ਲਾ ਕੇ ਰੱਖਣਾ ਹੋਵੇਗਾ

ਪੰਨਾ 1 ਦਾ ਬਾਕੀ

ਉਸ ਸਮੇਂ ਇਹ ਨਿਯਮ ਬਿਲਕੁਲ ਵੱਖਰੇ ਹੋ ਜਾਣਗੇ ਜੇ ਤੁਹਾਨੂੰ ਪੂਰੀ ਤਰ੍ਹਾਂ ਵੈਕਸੀਨੇਸ਼ਨ ਕਰਵਾਉਣ ਦੇ ਬਾਵਜੂਦ ਏਅਰਪੋਰਟ ਉੱਤੇ ਪੀਸੀਆਰ ਟੈਸਟ ਲਈ ਰੋਕਿਆ ਜਾਂਦਾ ਹੈ। ਤੁਹਾਨੂੰ ਆਪਣੇ ਟੈਸਟ ਦੇ ਨਤੀਜੇ ਆਉਣ ਤੱਕ ਖੁਦ ਨੂੰ ਕੁਆਰਨਟੀਨ ਕਰਨ ਦੀ ਕੋਈ ਲੋੜ ਨਹੀਂ ਹੋਵੇਗੀ ਪਰ ਜੇ ਰਿਜ਼ਲਟ ਨੈਗੇਟਿਵ ਆ ਜਾਂਦਾ ਹੈ ਤਾਂ ਤੁਹਾਨੂੰ ਹੇਠ ਲਿਖੇ ਨਿਯਮਾਂ ਦਾ ਪਾਲਣ ਕਰਨਾ ਹੋਵੇਗਾ :

- ਲੋਕਲ ਪਬਲਿਕ ਹੈਲਥ ਮਾਪਦੰਡਾਂ ਦਾ ਪਾਲਣ
- ਕੈਨੇਡਾ ਵਿੱਚ ਆਪਣੇ ਪਹਿਲੇ 14 ਦਿਨਾਂ ਲਈ ਜਨਤਕ ਥਾਂਵਾਂ ਉੱਤੇ ਚੰਗੀ ਤਰ੍ਹਾਂ ਫਿੱਟ ਹੋਣ ਵਾਲਾ ਮਾਸਕ ਪਾ ਕੇ ਰੱਖਣਾ ਹੋਵੇਗਾ
- ਕੈਨੇਡਾ ਵਿੱਚ ਤੁਹਾਡੇ ਪਹਿਲੇ 14 ਦਿਨਾਂ ਲਈ ਨੇੜਲੇ ਕਾਂਟੈਕਟਸ ਤੇ ਜਿਹੜੀਆਂ ਥਾਂਵਾਂ ਉੱਤੇ ਤੁਸੀਂ ਜਾਵੋਂਗੇ ਉਨ੍ਹਾਂ ਦੀ ਲਿਸਟ ਵੀ ਕਾਇਮ ਕਰਨੀ ਹੋਵੇਗੀ
- ਕੋਵਿਡ-19 ਦੇ ਲੱਛਣਾਂ ਦੇ ਸਬੰਧ ਵਿੱਚ ਖੁਦ ਦੀ ਨਿਗਰਾਨੀ ਕਰਨੀ ਹੋਵੇਗੀ
- ਆਪਣੀ ਵੈਕਸੀਨੇਸ਼ਨ ਦੇ ਸਬੂਤ ਦੀਆਂ ਕਾਪੀਆਂ ਤੇ ਕੈਨੇਡਾ ਆਉਣ ਤੋਂ ਪਹਿਲਾਂ ਕਰਵਾਏ ਗਏ ਟੈਸਟ ਦੀਆਂ ਕਾਪੀਆਂ 14 ਦਿਨਾਂ ਤੱਕ ਸਾਂਭ ਕੇ ਰੱਖੋ

ਜੇ ਤੁਸੀਂ ਕੋਵਿਡ ਪਾਜ਼ੀਟਿਵ ਪਾਏ ਜਾਂਦੇ ਹੋ ਤਾਂ ਤੁਹਾਨੂੰ ਤੁਹਾਡੀ ਪ੍ਰੋਵਿੰਸ ਦੇ ਮੌਜੂਦਾ ਆਈਸੋਲੇਸ਼ਨ ਸਬੰਧੀ ਨਿਯਮਾਂ ਦੇ ਬਾਵਜੂਦ ਖੁਦ ਨੂੰ 10 ਦਿਨ ਲਈ ਆਈਸੋਲੇਟ ਕਰਨਾ ਹੋਵੇਗਾ। ਮਿਸਾਲ ਵਜੋਂ ਓਨਟਾਰੀਓ ਵਿੱਚ ਤੁਹਾਨੂੰ ਖੁਦ ਨੂੰ ਸਿਰਫ ਪੰਜ ਦਿਨਾਂ ਲਈ ਹੀ ਆਈਸੋਲੇਟ ਕਰਨਾ ਹੋਵੇਗਾ ਪਰ ਅਜਿਹੇ ਮਾਮਲੇ ਵਿੱਚ ਤੁਹਾਨੂੰ ਖੁਦ ਨੂੰ 10 ਦਿਨਾਂ ਲਈ ਆਈਸੋਲੇਟ ਕਰਨਾ ਹੋਵੇਗਾ।
ਤੁਹਾਨੂੰ ਆਪਣੇ ਟੈਸਟ ਰਿਜ਼ਲਟ ਤੇ ਲੱਛਣ ਪੀਐਚਏਸੀ ਨੂੰ ਵੀ ਰਿਪੋਰਟ ਕਰਨੇ ਹੋਣਗੇ।

# 'ਸਪੀਡ ਕਿੱਲਜ਼ ਕੈਂਪੇਨ' ਤਹਿਤ ਟੋਰਾਂਟੋ ਪੁਲਿਸ ਨੇ ਇੱਕ ਦਿਨ ਵਿੱਚ 32 ਡਰਾਈਵਰਾਂ ਨੂੰ ਜਾਰੀ ਕੀਤੀਆਂ ਟਿਕਟਾਂ

ਟੋਰਾਂਟੋ, 12 ਅਪਰੈਲ (ਪੋਸਟ ਬਿਊਰੋ) : ਆਪਣੀ "ਸਪੀਡ ਕਿੱਲਜ਼ ਕੈਂਪੇਨ" ਦੇ ਪਹਿਲੇ ਦਿਨ ਟੋਰਾਂਟੋ ਪੁਲਿਸ ਨੇ 32 ਡਰਾਈਵਰਾਂ ਨੂੰ ਟਿਕਟਾਂ ਜਾਰੀ ਕੀਤੀਆਂ।

ਸੋਮਵਾਰ ਨੂੰ ਪੁਲਿਸ ਦਾ ਦਿਨ ਕਾਫੀ ਰੁਝੇਵਿਆਂ ਭਰਿਆ ਰਿਹਾ ਤੇ ਪੁਲਿਸ ਡਰਾਈਵਰਾਂ ਨੂੰ ਹੌਲੀ ਗੱਡੀ ਚਲਾਉਣ ਦੀ ਅਪੀਲ ਕਰਦੀ ਰਹੀ। ਪੁਲਿਸ ਨੇ ਦੱਸਿਆ ਕਿ ਪਹਿਲੇ ਦਿਨ ਹੀ ਉਨ੍ਹਾਂ ਨੇ 32 ਡਰਾਈਵਰਾਂ ਨੂੰ ਤੇਜ਼ ਰਫਤਾਰ ਨਾਲ ਗੱਡੀ ਚਲਾਉਣ ਦਾ ਦੋਸ਼ੀ ਪਾਇਆ ਤੇ ਉਨ੍ਹਾਂ ਨੂੰ ਜੁਰਮਾਨੇ ਕੀਤੇ ਗਏ। ਇਹ ਮੁਹਿੰਮ 17 ਅਪਰੈਲ ਤੱਕ ਜਾਰੀ ਰਹੇਗੀ। ਪੁਲਿਸ ਨੇ ਦੱਸਿਆ ਕਿ ਪਿਛਲੇ ਸਾਲ ਟੋਰਾਂਟੋ ਦੀਆਂ ਸੜਕਾਂ ਉੱਤੇ 60 ਲੋਕ ਮਾਰੇ ਗਏ ਸਨ ਤੇ ਇਸ ਸਾਲ ਹੁਣ ਤੱਕ ਸੜਕਾਂ ਉੱਤੇ ਤੇਜ਼ ਰਫਤਾਰ ਗੱਡੀਆਂ ਦੀ ਬਦੌਲਤ 14 ਲੋਕ ਮਾਰੇ ਜਾ ਚੁੱਕੇ ਹਨ।

ਇੱਕ ਬਿਆਨ ਜਾਰੀ ਕਰਕੇ ਪੁਲਿਸ ਨੇ ਆਖਿਆ ਕਿ ਜਿਹੜੇ ਡਰਾਈਵਰ ਤੇਜ਼ ਰਫਤਾਰ ਨਾਲ ਗੱਡੀ ਚਲਾਉਂਦੇ ਹਨ, ਜਿਨ੍ਹਾਂ ਡਰਾਈਵਰਾਂ ਦਾ ਧਿਆਨ ਭਟਕਿਆ ਹੁੰਦਾ ਹੈ, ਨਸ਼ਾ ਕਰਕੇ ਗੱਡੀ ਚਲਾਉਣ ਵਾਲਿਆਂ ਜਾਂ ਗੁੱਸੇ ਵਿੱਚ ਗੱਡੀ ਚਲਾਉਣ ਵਾਲਿਆਂ ਕਾਰਨ ਹਾਦਸੇ ਜਨਮ ਲੈਂਦੇ ਹਨ ਪਰ ਤੇਜ਼ ਰਫਤਾਰੀ ਹੀ ਉਹ ਕਾਰਕ ਹੈ ਜਿਸ ਕਾਰਨ ਹਾਦਸੇ ਦੀ ਗੰਭੀਰਤਾ ਵੱਧ ਜਾਂਦੀ ਹੈ।
2021 ਵਿੱਚ ਪੁਲਿਸ ਨੇ 103,758 ਟਿਕਟਾਂ ਤੇਜ਼ ਰਫਤਾਰ ਨਾਲ ਗੱਡੀਆਂ ਚਲਾਉਣ ਵਾਲਿਆਂ




ਨੂੰ ਜਾਰੀ ਕੀਤੀਆਂ। ਜਿਨ੍ਹਾਂ ਵਿੱਚੋਂ 948 ਸਟੰਟ ਡਰਾਈਵਿੰਗ ਕਰਨ ਵਾਲਿਆਂ ਲਈ ਟਿਕਟਾਂ ਸਨ, ਇਹ ਉਹ ਲੋਕ ਸਨ ਜਿਹੜੇ ਮਿਥੀ ਗਈ ਮਿਆਦ ਨਾਲੋਂ 40 ਜਾਂ 50 ਕਿਲੋਮੀਟਰ ਵੱਧ ਨਾਲ ਗੱਡੀ ਚਲਾ ਰਹੇ ਸਨ। ਪੁਲਿਸ ਨੇ ਦੱਸਿਆ ਕਿ ਇਸ ਸਾਲ ਮਾਰਚ ਮਹੀਨੇ ਦੇ ਖ਼ਤਮ ਹੋਣ ਤੱਕ ਤੇਜ਼ ਰਫਤਾਰ ਨਾਲ ਗੱਡੀ ਚਲਾਉਣ ਵਾਲਿਆਂ ਨੂੰ 21,000 ਟਿਕਟਾਂ ਜਾਰੀ ਕੀਤੀਆਂ ਗਈਆਂ ਤੇ 270 ਨੂੰ ਸਟੰਟ ਡਰਾਈਵਿੰਗ ਲਈ ਚਾਰਜ ਕੀਤਾ ਗਿਆ।

ਟੀਪੀਐਸ ਨੇ ਆਖਿਆ ਕਿ ਸਪੀਡ ਲਿਮਿਟ ਵੱਧ ਤੋਂ ਵੱਧ ਤੈਅ ਕੀਤੀ ਜਾਂਦੀ ਹੈ ਤੇ ਵੇਖਣ ਵਿੱਚ ਆਇਆ ਹੈ ਕਿ ਕਈ ਲੋਕ ਇਸ ਲਿਮਿਟ ਨੂੰ ਨਜ਼ਰਅੰਦਾਜ਼ ਕਰਦੇ ਹਨ। ਇਸ ਮੁਹਿੰਮ ਤਹਿਤ ਸਿਟੀ ਦੇ ਵਿਜ਼ਨ ਜ਼ੀਰੋ ਰੋਡ ਸੇਫਟੀ ਪਲੈਨ ਦਾ ਸਮਰਥਨ ਵੀ ਕੀਤਾ ਜਾ ਰਿਹਾ ਹੈ। ਇਹ ਪਲੈਨ ਟੋਰਾਂਟੋ ਦੀਆਂ ਸੜਕਾਂ ਉੱਤੇ ਟਰੈਫਿਕ ਨਾਲ ਸਬੰਧਤ ਮੌਤਾਂ ਤੇ ਸੱਟਾਂ ਨੂੰ ਘਟਾਉਣ ਲਈ ਤਿਆਰ ਕੀਤਾ ਗਿਆ ਹੈ।

# ਬਰੁਕਲਿਨ ਸਬਵੇਅ ਸ਼ੂਟਿੰਗ ਵਿੱਚ ਕਈ ਜ਼ਖ਼ਮੀ, ਮਸ਼ਕੂਕ ਦੀ ਭਾਲ ਕਰ ਰਹੀ ਹੈ ਪੁਲਿਸ

ਪੰਨਾ 1 ਦਾ ਬਾਕੀ

ਪੁਲਿਸ ਕਮਿਸ਼ਨਰ ਕੀਚੈਂਟ ਸੀਵਲ ਨੇ ਆਖਿਆ ਕਿ ਇਸ ਨੂੰ ਅੱਤਵਾਦੀ ਘਟਨਾ ਨਹੀਂ ਮੰਨਿਆ ਜਾ ਰਿਹਾ ਪਰ ਹਾਲ ਦੀ ਘੜੀ ਕਿਸੇ ਵੀ ਸੰਭਾਵਨਾ ਤੋਂ ਇਨਕਾਰ ਵੀ ਨਹੀਂ ਕੀਤਾ ਜਾ ਰਿਹਾ। ਸ਼ੂਟਰ ਦਾ ਮੰਤਵ ਕੀ ਸੀ ਅਜੇ ਇਸ ਬਾਰੇ ਵੀ ਪਤਾ ਨਹੀਂ ਲੱਗ ਸਕਿਆ ਹੈ। ਚੀਫ ਆਫ ਡਿਟੈਕਟਿਵਜ਼ ਜੇਮਜ਼ ਐਸਿਗ ਨੇ ਦੱਸਿਆ ਕਿ ਮੌਕੇ ਤੋਂ ਪੁਲਿਸ ਨੂੰ 9 ਐਮਐਮ ਦੀ ਸੈਮੀ ਆਟੋਮੈਟਿਕ ਹੈਂਡਗੰਨ ਮਿਲੀ, ਜਿਸ ਨਾਲ ਦੇ ਮੈਗਜ਼ੀਨ, ਕੁਲਹਾੜੀ, ਸਮੋਕ ਗ੍ਰਨੇਡ, ਕਾਲੇ ਰੰਗ ਦਾ ਗਾਰਬੇਜ ਕੈਨ,ਰੋਲਿੰਗ ਕਾਰਟ, ਗੈਸੋਲੀਨ ਤੇ ਯੂ-ਹਾਲ ਵੈਨ ਦੀ ਚਾਬੀ ਮਿਲੀ। ਇਸ ਚਾਬੀ ਨਾਲ ਪੁਲਿਸ ਵੈਨ ਰੈਂਟਰ ਕੋਲ ਪਹੁੰਚੀ, ਜਿਸ ਦਾ ਪਤਾ ਫਿਲਾਡੈਲਫੀਆ ਤੇ ਵਿਸਕੌਂਸਿਨ ਦਾ ਸੀ। ਪਰ ਐਸਿਗ ਅਨੁਸਾਰ ਅਜੇ ਇਹ ਸਪਸ਼ਟ ਨਹੀਂ ਹੋਇਆ ਹੈ ਕਿ ਇਸ ਵਿਅਕਤੀ ਦਾ ਸ਼ੂਟਿੰਗ ਨਾਲ ਕੋਈ ਲੈਣਾ ਦੇਣਾ ਸੀ ਜਾਂ ਨਹੀਂ। ਜਾਂਚਕਾਰਾਂ ਅਨੁਸਾਰ ਹਥਿਆਰ ਜਾਮ ਹੋ ਜਾਣ ਕਾਰਨ ਮਸ਼ਕੂਕ ਹੋਰ ਗੋਲੀਆਂ ਨਹੀਂ ਚਲਾ ਸਕਿਆ। ਜਾਂਚਕਾਰਾਂ ਨੇ ਦੱਸਿਆ ਕਿ ਵੈਨ ਕਿਰਾਏ ਉੱਤੇ ਲੈਣ ਵਾਲੇ ਸ਼ਖਸ ਦਾ ਕ੍ਰੈਡਿਟ ਕਾਰਡ ਸ਼ੂਟਿੰਗ ਵਾਲੀ ਥਾਂ ਉੱਤੇ ਮਿਲਣ ਕਾਰਨ ਉਹ ਵਿਅਕਤੀ ਸ਼ੱਕ ਦੇ ਘੇਰੇ ਵਿੱਚ ਆ ਚੁੱਕਿਆ ਹੈ।

# ਲਿਬਰਲਾਂ ਵੱਲੋਂ ਕੰਮ ਵਿੱਚ ਮਹਿਲਾਵਾਂ ਨੂੰ ਪਹਿਲ ਦੇਣ ਤੋਂ ਇਲਾਵਾ ਤਨਖਾਹ ਵਿੱਚ ਪਾਰਦਰਸ਼ਤਾ ਵਾਲਾ ਬਿੱਲ ਲਿਆਉਣ ਦਾ ਵਾਅਦਾ

ਪੰਨਾ 1 ਦਾ ਬਾਕੀ

ਇਸ ਸਮੇਂ ਮਾਪੇ 12 ਮਹੀਨਿਆਂ ਦੀਆਂ ਈਆਈ ਪੇਰੈਂਟਲ ਲੀਵ ਪੇਅਮੈਂਟਸ 18 ਮਹੀਨਿਆਂ ਤੱਕ ਨਿੱਕੀਆਂ ਨਿੱਕੀਆਂ ਕਿਸ਼ਤਾਂ ਵਿੱਚ ਲੈਂਦੇ ਰਹਿੰਦੇ ਹਨ। ਪ੍ਰੋਵਿੰਸ਼ੀਅਲ ਲਿਬਰਲਾਂ ਦਾ ਕਹਿਣਾ ਹੈ ਕਿ ਉਹ ਪਿਛਲੇ ਛੇ ਮਹੀਨਿਆਂ ਤੋਂ ਫੈਡਰਲ ਪ੍ਰੋਗਰਾਮ ਦੇ ਆਧਾਰ ਉੱਤੇ ਪੂਰੀਆਂ ਪੇਅਮੈਂਟਸ ਦੇਣਗੇ।
ਇਨ੍ਹਾਂ ਪ੍ਰਸਤਾਵਾਂ ਉੱਤੇ ਕਿੰਨਾ ਖਰਚਾ ਹੋਵੇਗਾ ਇਸ ਬਾਰੇ ਲਿਬਰਲਾਂ ਵੱਲੋਂ ਆਪਣੀ ਨਿਊਜ਼ ਰਲੀਜ਼ ਵਿੱਚ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਸਗੋਂ ਪਾਰਟੀ ਨੇ ਆਖਿਆ ਕਿ ਇਸ ਬਾਰੇ ਆਉਣ ਵਾਲੇ ਹਫਤਿਆਂ ਵਿੱਚ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਵੱਲੋਂ ਪੇਅ ਟਰਾਂਸਪੇਰੈਂਸੀ ਐਕਟ ਨੂੰ ਮੁੜ ਪੇਸ਼ ਕਰਨ ਦਾ ਐਲਾਨ ਵੀ ਕੀਤਾ ਗਿਆ ਜਿਹੜਾ ਸਾਬਕਾ ਲਿਬਰਲ ਸਰਕਾਰ ਵੱਲੋਂ ਪਾਸ ਕੀਤਾ ਗਿਆ ਸੀ ਪਰ ਮੌਜੂਦਾ ਪ੍ਰੋਗਰੈਸਿਵ ਕੰਜ਼ਰਵੇਟਿਵ ਸਰਕਾਰ ਵੱਲੋ ਇਸ ਨੂੰ ਕਦੇ ਲਾਗੂ ਨਹੀਂ ਕੀਤਾ ਜਾ ਸਕਿਆ।
ਇਸ ਤੋਂ ਇਲਾਵਾ ਲਿਬਰਲਾਂ ਵੱਲੋਂ ਓਨਟਾਰੀਓ ਵੁਮਨਜ਼ ਹੈਲਥ ਸਟਰੈਟੇਜੀ ਤਿਆਰ ਕਰਨ ਦਾ ਸੁਝਾਅ ਵੀ ਦਿੱਤਾ ਗਿਆ ਹੈ, ਜਿਸ ਤਹਿਤ ਸਕੂਲਾਂ, ਲਾਇਬ੍ਰੇਰੀਜ਼, ਟਰਾਂਜ਼ਿਟ ਸਟੇਸ਼ਨਾਂ ਤੇ ਹੋਰਨਾਂ ਜਨਤਕ ਥਾਂਵਾਂ ਉੱਤੇ ਮੈਨਸਟ੍ਰੂਰਲ ਪ੍ਰੋਡਕਟਸ ਮੁਫਤ ਵਿੱਚ ਮੁਹੱਈਆ ਕਰਵਾਉਣ ਦੀ ਤਜਵੀਜ਼ ਵੀ ਹੈ। ਇਸ ਦੇ ਨਾਲ ਹੀ ਓਨਟਾਰੀਓ ਫਰਟਿਲਿਟੀ ਪ੍ਰਗਰਾਮ ਦੇ ਪਸਾਰ ਲਈ ਐੱਗ ਫਰੀਜ਼ ਕਰਨ ਦੇ ਇੱਕ ਸਾਈਕਲ ਦੀ ਗੱਲ ਵੀ ਕੀਤੀ ਗਈ ਹੈ।

# ਭਾਰਤੀ ਮੂਲ ਦੇ ਵਿਦਿਆਰਥੀ ਤੇ ਇੱਕ ਹੋਰ ਵਿਅਕਤੀ ਦੇ ਕਤਲ ਦੇ ਸਬੰਧ 'ਚ 39 ਸਾਲਾ ਮਸ਼ਕੂਕ ਗ੍ਰਿਫਤਾਰ

ਪੰਨਾ 1 ਦਾ ਬਾਕੀ

ਪੁਲਿਸ ਨੇ ਆਖਿਆ ਕਿ ਦੋਵਾਂ ਘਟਨਾਵਾਂ ਦੀਆਂ ਸਮਾਨਤਾਵਾਂ ਕਾਰਨ ਉਹ ਮਸ਼ਕੂਕ ਦਾ ਅੰਦਾਜ਼ਾ ਲਾਉਣ ਵਿੱਚ ਸਫਲ ਰਹੇ।

ਪੁਲਿਸ ਅਧਿਕਾਰੀਆਂ ਨੇ ਸਰਚ ਵਾਰੰਟ ਕਢਵਾ ਕੇ ਸਪੈਡੀਨਾ ਐਵਨਿਊ ਤੇ ਬਲੂਅਰ ਸਟਰੀਟ ਇਲਾਕੇ ਵਿੱਚ ਸਥਿਤ ਮਸ਼ਕੂਕ ਦੇ ਘਰ ਦੀ ਤਲਾਸ਼ੀ ਲੈਣ ਤੋਂ ਬਾਅਦ ਉਸ ਨੂੰ ਗ੍ਰਿਫਤਾਰ ਕਰ ਲਿਆ। ਰੇਮਰ ਨੇ ਆਖਿਆ ਕਿ ਮਸ਼ਕੂਕ ਨੂੰ ਗ੍ਰਿਫਤਾਰ ਕੀਤੇ ਜਾਣ ਸਮੇਂ ਕਈ ਭਰੇ ਹੋਏ ਹਥਿਆਰ ਉਸ ਦੇ ਕੋਲ ਜ਼ਮੀਨ ਉੱਤੇ ਪਏ ਸਨ। ਪੁਲਿਸ ਨੇ ਫਰਸਟ ਡਿਗਰੀ ਕਤਲ ਦੇ ਸਬੰਧ ਵਿੱਚ ਟੋਰਾਂਟੋ ਦੇ 39 ਸਾਲਾ ਰਿਚਰਡ ਜੌਨਾਥਨ ਐਡਵਿਨ ਨੂੰ ਚਾਰਜ ਕੀਤਾ ਹੈ।
ਪੁਲਿਸ ਨੇ ਦੱਸਿਆ ਕਿ ਮਸ਼ਕੂਕ ਤੇ ਉਸ ਦਾ ਸ਼ਿਕਾਰ ਬਣੇ ਦੋਵੇਂ ਵਿਅਕਤੀ ਇੱਕ ਦੂਜੇ ਨੂੰ ਨਹੀਂ ਸਨ ਜਾਣਦੇ। ਪੁਲਿਸ ਅਜੇ ਵੀ ਇਨ੍ਹਾਂ ਕਤਲਾਂ ਦੇ ਪਿੱਛੇ ਦਾ ਕਾਰਨ ਲੱਭਣ ਦੀ ਕੋਸ਼ਿਸ਼ ਕਰ ਰਹੀ ਹੈ। ਚੀਫ ਰੇਮਰ ਨੇ ਆਖਿਆ ਕਿ ਉਨ੍ਹਾਂ ਕੋਲ ਇਸ ਤਰ੍ਹਾਂ ਦੇ ਕਈ ਸਬੂਤ ਹਨ ਜਿਨ੍ਹਾਂ ਤੋਂ ਇਹ ਪਤਾ ਲੱਗਦਾ ਹੈ ਕਿ ਮਸ਼ਕੂਕ ਅੱਗੇ ਹੋਰ ਹਮਲਿਆਂ ਦੀ ਤਿਆਰੀ ਕਰ ਰਿਹਾ ਸੀ।

## ਯੂ-ਹਾਲ ਟਰੱਕ ਹਾਦਸਾਗ੍ਰਸਤ, ਡਰਾਈਵਰ ਗ੍ਰਿਫਤਾਰ

ਟੋਰਾਂਟੋ, 12 ਅਪਰੈਲ (ਪੋਸਟ ਬਿਊਰੋ) : ਰਾਤ ਸਮੇਂ ਕੈਬੇਜਟਾਊਨ ਦੇ ਸਾਈਡਵਾਕ ਉੱਤੇ ਯੂ-ਹਾਲ ਟਰੱਕ ਦੇ ਹਾਦਸਾਗ੍ਰਸਤ ਹੋਣ ਤੋਂ ਬਾਅਦ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਰਾਤੀਂ 10:30 ਵਜੇ ਤੋਂ ਬਾਅਦ ਡੰਡਸ ਤੇ ਸ਼ੇਰਬਰਨ ਸਟਰੀਟਸ ਉੱਤੇ ਮਿਲੀਆਂ ਇਸ ਹਾਦਸੇ ਦੀਆਂ ਖਬਰਾਂ ਤੋਂ ਬਾਅਦ ਟੋਰਾਂਟੋ ਪੁਲਿਸ ਮੌਕੇ ਉੱਤੇ ਪਹੁੰਚੀ। ਪੁਲਿਸ ਨੇ ਦੱਸਿਆ ਕਿ ਇੱਕ ਯੂ-ਹਾਲ ਟਰੱਕ ਸਾਈਡਵਾਕ ਉੱਤੇ ਹਾਦਸਾਗ੍ਰਸਤ ਹੋ ਗਿਆ ਸੀ ਤੇ ਉਹ ਬਿਜਲੀ ਦੇ ਖੰਭੇ ਨਾਲ ਵੀ ਟਕਰਾ ਗਿਆ ਸੀ। ਪੁਲਿਸ ਨੇ ਦੱਸਿਆ ਕਿ ਡਰਾਈਵਰ ਨੂੰ ਮਾਮੂਲੀ ਸੱਟਾਂ ਹੀ ਲੱਗੀਆਂ ਤੇ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਗਿਆ। ਅਜੇ ਤੱਕ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਡਰਾਈਵਰ ਉੱਤੇ ਕਿਹੜੇ ਚਾਰਜਿਜ਼ ਲਾਏ ਗਏ ਹਨ। ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।




ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution

ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011












## ਅੱਜ ਨਾਮਾ

ਨਾਲੇ ਭਾਰਤ ਦੇ ਨਾਲ ਪਿਆ ਗੱਲ ਕਰਦਾ,
ਨਾਲੇ ਦਾਬਾ ਅਮਰੀਕਾ ਪਿਆ ਮਾਰਦਾ ਈ।
ਜਾਵੇ ਪੇਸ਼ ਕੋਈ ਨਹੀਂ ਮੂਹਰੇ ਰੂਸੀਆਂ ਦੇ,
ਉਹ ਵੀ ਗੁੱਸਾ ਫਿਰ ਏਧਰ ਉਤਾਰਦਾ ਈ।
ਇਹੋ ਕਹਿੰਦਾ ਕਿ ਰੂਸ ਤੋਂ ਦੂਰ ਹੋ ਜਾਉ,
ਮੁੜ-ਮੁੜ ਆ ਕੇ ਨਾਲੇ ਪੁਚਕਾਰਦਾ ਈ।
ਸੁਣ ਕੇ ਨਾਂਹ ਵੀ ਨਹੀਂ ਉਹ ਚੁੱਪ ਕਰਦਾ,
ਨਾਲ ਗੱਲਾਂ ਦੇ ਚਾਤਰ ਪਿਆ ਚਾਰਦਾ ਈ।
ਏਧਰ ਭਾਰਤ ਨਹੀਂ ਹਾਲੇ ਤੱਕ ਰਾਹ ਦਿੰਦਾ,
ਆਪਣੀ ਸਮਝ ਉੱਪਰ ਚੱਲੀ ਜਾ ਰਿਹਾ ਈ।
ਦੋਵਾਂ ਧਿਰਾਂ ਨਾਲ ਇੱਕੋ ਜਿਹੀ ਵਿੱਥ ਪਾ ਕੇ,
ਕਿਸੇ ਨੂੰ ਪੱਲਾ ਨਹੀਂ ਕੋਈ ਫੜਾ ਰਿਹਾ ਈ।

**ਤੀਸ ਮਾਰ ਖਾਂ**

# ਪੰਜਾਬ ਦੇ ਅਫਸਰਾਂ ਨੂੰ ਕੇਜਰੀਵਾਲ ਟੀਮ ਵੱਲੋਂ ਦਿੱਲੀ ਸੱਦੇ ਜਾਣ ਨਾਲ ਵਿਵਾਦ ਛਿੜਿਆ

ਚੰਡੀਗੜ੍ਹ, 12 ਅਪਰੈਲ, (ਪੋਸਟ ਬਿਊਰੋ)- ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਵੱਲੋਂ ਪੰਜਾਬ ਦੇ ਅਫਸਰਾਂ ਨੂੰ ਓਥੇ ਸੱਦ ਕਰ ਕੇ ਮੀਟਿੰਗਾਂ ਕਰਨ ਨਾਲ ਆਮ ਆਦਮੀ ਪਾਰਟੀ ਦੀ ਸਰਕਾਰ ਚਰਚਾ ਵਿੱਚ ਆ ਗਈ ਹੈ। ਵਿਰੋਧੀ ਧਿਰਾਂ ਨੇ ਦੋਸ਼ ਲਾਇਆ ਕਿ ਪੰਜਾਬ ਸਰਕਾਰ ਨੂੰ ਅਸਲ ਸੁਪਰ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਚਲਾ ਰਹੇ ਹਨ। ਅਕਾਲੀ ਦਲ, ਭਾਜਪਾਅਤੇ ਕਾਂਗਰਸ ਨੇ ਇਸ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਤੋਂ ਜਵਾਬ ਮੰਗਿਆ ਹੈ। ਅਸਲ ਵਿੱਚ ਪੰਜਾਬਦੇ ਲੋਕਾਂ ਨੂੰ ਮੁਫਤ ਬਿਜਲੀ ਦੇਣ ਦੇ ਮੁੱਦੇ ਉੱਤੇ ਆਮ ਆਦਮੀ ਪਾਰਟੀ ਦੇ ਮੁਖੀ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਪੰਜਾਬ ਦੇ ਅਧਿਕਾਰੀਆਂ ਨਾਲ ਦਿੱਲੀ ਵਿੱਚ ਮੀਟਿੰਗ ਕੀਤੀ ਹੈ, ਜਿਸ ਦੌਰਾਨ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਜਾਂ ਪੰਜਾਬ ਦੇ ਬਿਜਲੀ ਮੰਤਰੀ ਮੌਜੂਦ ਨਹੀਂ ਸਨ। ਇਸ ਕਾਰਨ ਵਿਰੋਧੀ ਧਿਰਾਂ ਨੂੰ ਮੌਕਾ ਮਿਲ ਗਿਆ ਤੇ ਪੰਜਾਬ ਦੀ ਆਮ ਆਦਮੀ ਪਾਰਟੀ ਫਿਰ ਵਿਰੋਧੀ ਧਿਰ ਦੇ ਨਿਸ਼ਾਨੇ ਉੱਤੇ ਆ ਗਈ ਹੈ।



ਬੀਤੇ ਸੋਮਵਾਰ ਦਿੱਲੀ ਵਿੱਚ ਹੋਈ ਮੀਟਿੰਗ ਮੌਕੇ ਪੰਜਾਬ ਦੇ ਚੀਫ ਸੈਕਟਰੀ ਅਨਿਰੁਧ ਤਿਵਾੜੀ, ਪਾਵਰ ਸੈਕਟਰੀ ਦਲੀਪ ਕੁਮਾਰ ਅਤੇ ਪੰਜਾਬ ਪਾਵਰਕਾਮ (ਪੀਐੱਸਪੀਸੀਐੱਲ) ਦੇ ਚੇਅਰਮੈਨ ਬਲਦੇਵ ਸਿੰਘ ਸਰਾਂ ਨਾਲ ਪੰਜਾਬ ਦੇ ਲੋਕਾਂ ਨੂੰ ਮੁਫ਼ਤ ਬਿਜਲੀ ਬਾਰੇਵਿਚਾਰ ਹੋਈ ਸੀ। ਮੀਟਿੰਗ ਦੀ ਪ੍ਰਧਾਨਗੀ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਕੀਤੀ ਤੇ ਉਨ੍ਹਾਂ ਨਾਲ ਦਿੱਲੀ ਦੇ ਮੰਤਰੀ ਸਤੇਂਦਰ ਜੈਨ ਅਤੇਪੰਜਾਬ ਤੋਂ ਰਾਜ ਸਭਾਮੈਂਬਰ ਰਾਘਵ ਚੱਢਾ ਵੀ ਸਨ, ਪਰ ਮੀਟਿੰਗ ਵਿੱਚ ਪੰਜਾਬ ਦੇ ਮੁੱਖ ਮੰਤਰੀ ਜਾਂ ਕੋਈ ਮੰਤਰੀ ਜਾਂ ਵੱਡਾ ਆਗੂ ਓਥੇ ਹਾਜ਼ਰ ਨਹੀਂ ਸੀ।

ਅਕਾਲੀ ਦਲ ਨੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਕਿਹਾਕਿ ਉਹ ਪੰਜਾਬ ਦੇ ਹਿੱਤਾਂ ਦੀ ਰਾਖੀ ਲਈ ਯਕੀਨੀ ਕਰਨ ਕਿ ਇਸ ਰਾਜ ਦੀ ਸਰਕਾਰ ਨੂੰ ਦਿੱਲੀਦੀ ਆਮ ਆਦਮੀ ਪਾਰਟੀ ਸਰਕਾਰ ਨਾ ਚਲਾਵੇ ਅਤੇ ਨਾ ਇਸ ਨੂੰ ਕੇਂਦਰ ਸਰਕਾਰ ਆਪਣੇ ਅਧੀਨ ਸਮਝੇ। ਉਨ੍ਹਾ ਨੇ ਮੁੱਖ ਮੰਤਰੀ ਨੂੰ ਕਿਹਾ ਕਿ ਉਹ ਕਣਕ ਦਾ ਝਾੜ ਘੱਟ ਨਿਕਲਣ ਕਾਰਨ ਕਿਸਾਨਾਂ ਦੀ ਚਿੰਤਾ ਦੂਰ ਕਰਨ ਲਈ ਕੇਂਦਰ ਤੋਂ ਮੁਆਵਜ਼ਾ ਮੰਗਣ। ਇਸ ਵਿੱਚਮੁੱਖ ਮੰਤਰੀ ਭਗਵੰਤ ਮਾਨ ਤੋਂ ਦਖ਼ਲ ਦੀ ਮੰਗ ਕਰਦੇ ਹੋਏ ਸੀਨੀਅਰ ਅਕਾਲੀ ਆਗੂ ਡਾ. ਦਲਜੀਤ ਸਿੰਘ ਚੀਮਾ ਨੇ ਕਿਹਾ ਕਿ ਪੰਜਾਬੀ ਇਹ ਵੇਖ ਕੇ ਹੈਰਾਨ ਹਨ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਪੰਜਾਬ ਦੇ ਚੀਫ ਸੈਕਟਰੀਅਤੇ ਪੰਜਾਬ ਰਾਜ ਬਿਜਲੀ ਕਾਰਪੋਰੇਸ਼ਨ ਦੇ ਚੇਅਰਮੈਨ ਨਾਲ ਕਿਵੇਂ ਮੀਟਿੰਗਾਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੇ ਮਨਾਂਵਿੱਚਸ਼ੱਕ ਸੀ ਕਿ ਪੰਜਾਬ ਸਰਕਾਰ ਨੂੰ ਦਿੱਲੀ ਤੋਂ ਰਿਮੋਟ ਨਾਲ ਚਲਾਇਆ ਜਾਵੇਗਾਅਤੇ ਆਮ ਆਦਮੀ ਪਾਰਟੀ ਦੇ ਰਾਜਵਿੱਚ ਇਹ ਹੀ ਹੋ ਰਿਹਾ ਹੈ। ਉਨ੍ਹਾ ਕਿਹਾ ਕਿਮੁੱਖ ਮੰਤਰੀ ਨੂੰ ਸੋਚਣਾ ਚਾਹੀਦਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਉਹ ਖੁਦ ਚੁਣੇ ਗਏ ਹਨ ਤੇ ਸਿਰਫ ਉਹੀ ਇਹ ਬੈਠਕਾਂ ਕਰ ਸਕਦੇ ਹਨ, ਇਹ ਹੱਕ ਦਿੱਲੀ ਦੇ ਮੁੱਖ ਮੰਤਰੀ ਨੂੰ ਨਾ ਦੇਣ। ਡਾ. ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨਦਿੱਲੀ ਰੁੱਝੇ ਰਹਿੰਦੇ ਹਨ ਤੇ ਪੰਜਾਬ ਦੇ ਗਵਰਨਰ ਇਸ ਰਾਜ ਦੇ ਸਰਹੱਦੀ ਜ਼ਿਲ੍ਹਿਆਂ ਵਿੱਚ ਮੀਟਿੰਗਾਂ ਕਰੀ ਜਾਂਦੇ ਹਨ।

# ਬਲਾਤਕਾਰ ਪਿੱਛੋਂ ਵਿਦਿਆਰਥਣ ਦਾ ਗਲਾ ਘੁੱਟ ਕੇ ਕਤਲ

ਪਾਤੜਾਂ, 12 ਅਪ੍ਰੈਲ (ਪੋਸਟ ਬਿਊਰੋ)- ਸਬ-ਡਵੀਜ਼ਨ ਪਾਤੜਾਂ ਅੰਦਰ ਇੱਕ ਨਾਬਾਲਗ ਸਕੂਲੀ ਵਿਦਿਆਰਥਣ (16) ਨੂੰ ਦੋ ਨੌਜਵਾਨਾਂ ਨੇ ਬਲਾਤਕਾਰ ਤੋਂ ਬਾਅਦ ਗਲਾ ਘੁੱਟ ਕੇ ਮਾਰ ਦਿੱਤਾ ਹੈ। ਪਤਾ ਲੱਗਾ ਹੈ ਕਿ ਲੜਕੀ 3 ਦਿਨ ਪਹਿਲਾਂ ਉਹ ਰਾਤ ਸਮੇਂ ਘਰੋਂ ਲਾਪਤਾ ਹੋ ਗਈ ਸੀ। ਲੜਕੀ ਦੀ ਲਾਸ਼ ਨੂੰ ਪਿੰਡ ਅਰਨੇਟੂ ਨੇੜਿਓਂ ਘੱਗਰ ਦਰਿਆ ਵਿੱਚੋਂ ਮਿਲੀ ਹੈ। ਦੋਸ਼ੀ ਪ੍ਰਿਸਪਾਲ ਸਿੰਘ ਪੁੱਤਰ ਰਣਜੀਤ ਸਿੰਘ ਅਤੇ ਗਗਨਦੀਪ ਸਿੰਘ ਪੁੱਤਰ ਸੇਵਾ ਰਾਮ ਪਿੰਡ ਸ਼ੁਤਰਾਣਾ ਨੂੰ ਪੁਲਸ ਨੇ ਗ੍ਰਿਫ਼ਤਾਰ ਕੀਤਾ ਹੈ। ਦੋਵਾਂ ਲੜਕਿਆਂ ਨੇ 7 ਅਪ੍ਰੈਲ ਨੂੰ ਲੜਕੀ ਪ੍ਰਨੀਤ ਕੌਰ ਨੂੰ ਰਾਤ ਫ਼ੋਨ ਕਰ ਕੇ ਘੱਗਰ ਦਰਿਆ ਨੇੜੇ ਖੇਤਾਂ ਵਿੱਚ ਸੱਦਿਆ, ਜਿੱਥੇ ਲੜਕੀ ਦੇ ਵਿਰੋਧ ਦੇ ਬਾਵਜੂਦ ਦੋਵਾਂ ਨੇ ਵਾਰੋ-ਵਾਰੀ ਬਲਾਤਕਾਰ ਕੀਤਾ ਅਤੇ ਲੜਕੀ ਨੂੰ ਗਲਾ ਘੁੱਟ ਕੇ ਮਾਰ ਦਿੱਤਾ ਅਤੇ ਸਬੂਤ ਖਤਮ ਕਰਨ ਲਈ ਲਾਸ਼ ਘੱਗਰ ਦਰਿਆ ਵਿੱਚ ਸੁੱਟ ਦਿੱਤੀ। ਲੜਕੀ ਡੀ ਏ ਵੀ ਸਕੂਲ ਬਾਦਸ਼ਾਹਪੁਰ ਵਿਖੇ ਦਸਵੀਂ ਕਲਾਸ ਵਿੱਚ ਪੜ੍ਹਦੀ ਸੀ। ਪੁਲਸ ਵੱਲੋਂ ਦੋਸ਼ੀਆਂ ਦੇ ਕਬਜ਼ੇ ਵਿੱਚੋਂ ਲੜਕੀ ਦਾ ਮੋਬਾਈਲ ਫੋਨ ਵੀ ਬਰਾਮਦ ਕੀਤਾ ਗਿਆ ਹੈ।

# ਭਾਰਤ-ਅਮਰੀਕਾ ਨੇ ਪਾਕਿ ਨੂੰ ਕਿਹਾ: ਮੁੰਬਈ ਅਤੇ ਪਠਾਨਕੋਟ ਹਮਲਿਆਂ ਦੇ ਦੋਸ਼ੀਆਂ ਨੂੰ ਸਜ਼ਾ ਦਿਓ



ਵਾਸ਼ਿੰਗਟਨ, 12 ਅਪਰੈਲ, (ਪੋਸਟ ਬਿਊਰੋ)- ਭਾਰਤ ਅਤੇ ਅਮਰੀਕਾ ਨੇ ਅੱਜ ਪਾਕਿਸਤਾਨ ਨੂੰ ਦੋ-ਟੁੱਕ ਕਹਿ ਦਿੱਤਾ ਹੈ ਕਿ ਉਹ 26/11 ਤੇ ਪਠਾਨਕੋਟ ਹਮਲੇ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਵੇ। ਦੋਵੇਂ ਦੇਸ਼ਾਂ ਨੇ ਕਿਹਾ ਹੈ ਕਿ ਪਾਕਿਸਤਾਨ ਆਪਣੇ ਅਧਿਕਾਰ ਹੇਠਲੇ ਇਲਾਕਿਆਂ ਦੀ ਕਿਸੇ ਅਤਿਵਾਦੀ ਸਰਗਰਮੀ ਲਈ ਵਰਤੋਂ ਨਾ ਹੋਣ ਦੇਣ ਲਈ ਠੋਸ ਕਾਰਵਾਈ ਕਰੇ।ਦੋਵਾਂ ਦੇਸ਼ਾਂ ਨੇ ਪਾਕਿਸਤਾਨ ਦੀ ਨਵੀਂ ਸਰਕਾਰ ਨੂੰ ਇਸ ਬਾਰੇ ਸਖਤ ਸੰਦੇਸ਼ ਦਿੱਤਾ ਹੈ।

ਵਾਸ਼ਿੰਗਟਨ ਤੋਂ ਜਾਰੀ ਕੀਤੇ ਸਾਂਝੇ ਬਿਆਨ ਵਿੱਚ ਦੋਵਾਂ ਦੇਸ਼ਾਂ ਨੇ ਕਿਹਾ ਹੈ ਕਿ ਮੁੰਬਈ ਦੇ 26/11 ਤੇ ਪਠਾਨਕੋਟ ਹਮਲਿਆਂ ਦੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਨਿਆਂ ਦੇ ਕਟਹਿਰੇ ਵਿੱਚ ਲਿਆਂਦਾ ਜਾਵੇ। ਪਾਕਿਸਤਾਨ ਤੋਂ ਕਾਰਵਾਈ ਦੀ ਇਹ ਮੰਗ ਅਮਰੀਕੀ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਤੇ ਰੱਖਿਆ ਮੰਤਰੀ ਲੋਇਡ ਆਸਟਿਨ, ਭਾਰਤੀ ਰੱਖਿਆ ਮੰਤਰੀ ਰਾਜਨਾਥ ਸਿੰਘ ਤੇ ਵਿਦੇਸ਼ ਮੰਤਰੀ ਐਸ. ਜੈਸ਼ੰਕਰ ਵਿਚਾਲੇ 2+2 ਮੰਤਰੀ ਪੱਧਰੀ ਗੱਲਬਾਤ ਪਿੱਛੋਂ ਜਾਰੀ ਸਾਂਝੇ ਬਿਆਨ ਰਾਹੀਂ ਕੀਤੀ ਗਈ ਹੈ। ਵਰਨਣ ਯੋਗ ਹੈ ਕਿ ਭਾਰਤ ਤੇ ਅਮਰੀਕਾ ਵਿਚਾਲੇ 2+2 ਮੀਟਿੰਗ ਤੋਂ ਤੋਂ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਅਮਰੀਕੀ ਰਾਸ਼ਟਰਪਤੀ ਜੋਅ ਬਿਡੇਨ ਦੀ ਵਰਚੁਅਲ ਮੀਟਿੰਗ ਹੋਈ ਸੀ। ਇਸ ਦੌਰਾਨ ਰਾਸ਼ਟਰਪਤੀ ਜੋ ਬਿਡੇਨ ਨੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਯੂਕਰੇਨ ਉੱਤੇ ਹਮਲੇ ਕਾਰਨ ਰੂਸ ਉੱਤੇ ਲਾਈਆਂ ਆਰਥਿਕ ਪਾਬੰਦੀਆਂ ਕਾਰਨ ਰੂਸ ਤੋਂ ਤੇਲ ਤੇ ਗੈਸ ਨਾ ਲੈਣ ਲਈ ਵੀ ਕਿਹਾ ਸੀ।

# ਤਖ਼ਤ ਸ੍ਰੀ ਹਰਿਮੰਦਿਰ ਜੀ ਪਟਨਾ ਸਾਹਿਬ ਵਿਖੇ ਪੰਜ ਕਰੋੜ ਦੇ ਆਸਣ ਸਜਾਉਣ ਤੋਂ ਹੰਗਾਮਾ

ਪਟਨਾ ਸਾਹਿਬ, 12 ਅਪਰੈਲ, (ਪੋਸਟ ਬਿਊਰੋ)- ਸਿੱਖ ਪੰਥ ਦੇ ਪੰਜ ਤਖਤ ਸਾਹਿਬਾਨ ਵਿੱਚੋਂ ਪ੍ਰਮੁੱਖ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਤਖਤ ਸਾਹਿਬ ਦੇ ਦਰਬਾਰ ਵਿੱਚਅੱਜ ਮੰਗਲਵਾਰ ਬਾਅਦ ਦੁਪਹਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇਲਈ ਲਾਇਆਗਿਆ ਆਸਣ ਬਦਲਣ ਦੀ ਕੋਸ਼ਿਸ਼ ਵਿੱਚ ਦੋਵਾਂ ਧਿਰਾਂ ਵਿੱਚ ਹੱਥੋਪਾਈ ਹੋ ਗਈ।ਇਸ ਮੌਕੇ ਦਰਬਾਰ ਸਾਹਿਬ ਵਿੱਚ ਮੌਜੂਦ ਜਥੇਦਾਰ ਤਖਤ ਸ੍ਰੀ ਪਟਨਾ ਸਾਹਿਬ ਦੇ ਜੈੱਡ ਪਲੱਸ ਸੁਰੱਖਿਆ ਮੁਲਾਜ਼ਮਾਂ ਨੇ ਦੋਵਾਂ ਧਿਰਾਂ ਨੂੰ ਸ਼ਾਂਤ ਕੀਤਾ ਤੇ ਫਿਰ ਪ੍ਰਬੰਧਕ ਕਮੇਟੀ ਦੇ ਜਨਰਲ ਸੈਕਟਰੀ ਸਰਦਾਰ ਇੰਦਰਜੀਤ ਸਿੰਘ ਵੱਲੋਂ ਪੁਰਾਣੀ ਮਰਿਆਦਾ ਨੂੰਚਾਲੂ ਰੱਖਣਦੇ ਐਲਾਨ ਨਾਲ ਸਥਿਤੀ ਸ਼ਾਂਤ ਹੋਈ। ਹੰਗਾਮੇ ਦੀ ਸੂਚਨਾ ਉੱਤੇ ਪੁਲਸ ਫੋਰਸ ਵੀ ਪਹੁੰਚ ਗਈ। ਇਸ ਤੋਂ ਬਾਅਦ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਸਖਤ

*** ਪ੍ਰਬੰਧਕ ਕਮੇਟੀ ਨੇ ਨਵਾਂ ਆਸਣ ਸਜਾਉਣ ਤੋਂ ਰੋਕਿਆ**

ਸੁਰੱਖਿਆ ਹੇਠ ਆਪਣੇ ਕਮਰੇ ਵਿੱਚਪਹੁੰਚੇ।

ਮਿਲੀ ਜਾਣਕਾਰੀ ਅਨੁਸਾਰ ਸ੍ਰੀ ਗੁਰੂ ਤੇਗ ਬਹਾਦਰ ਹਸਪਤਾਲ, ਕਰਤਾਰਪੁਰ, ਪੰਜਾਬ ਦੇ ਡਾਕਟਰ ਗੁਰਵਿੰਦਰ ਸਿੰਘ ਸਮਰਾ ਨੇ ਸੋਮਵਾਰ ਸ਼ਾਮ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬਵਾਲਾਆਸਣ, ਚੌਰ, ਪਿੰਜਰੇ ਦਾ ਡੱਬਾ, ਏਅਰ ਕੰਡੀਸ਼ਨਰ ਅਤੇ ਕਰੀਬ ਪੰਜ ਕਰੋੜ ਰੁਪਏ ਦਾ ਸਮਾਨ ਦਾਨ ਕੀਤਾ ਸੀ ਤੇ ਇਸ ਸਾਮਾਨ ਨੂੰ ਮੰਗਲਵਾਰ ਬਾਅਦ ਦੁਪਹਿਰ ਓਥੇਸਜਾਇਆ ਜਾਣਾ ਸੀ। ਡਾ: ਸਮਰਾ ਤੇ ਉਨ੍ਹਾਂ ਦੀ ਟੀਮ ਦਰਬਾਰ ਸਾਹਿਬ ਗਈ ਅਤੇ ਇਸ ਦੇ ਲਈ ਸਫਾਈ ਦਾ ਕੰਮ ਚੱਲ ਰਿਹਾ ਸੀ ਤਾਂ ਸੂਚਨਾ ਮਿਲਦੇ ਸਾਰ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪੁਰਾਣਾ ਆਸਣ ਬਦਲਿਆ ਜਾ ਰਿਹਾ ਹੈ,ਵੱਡੀ ਗਿਣਤੀ ਸਿੱਖ ਸੰਗਤਾਂ ਓਥੇ ਪਹੁੰਚ ਗਈਆਂ ਤੇ ਗੁਰੂ ਘਰ ਦੀ ਪੁਰਾਣੀ ਮਰਿਆਦਾ ਬਦਲਣ ਦਾ ਵਿਰੋਧ ਕਰ ਦਿੱਤਾ। ਤਣਾਅ ਦੇ ਇਸ ਮਾਹੌਲ ਕਾਰਨ ਦਰਬਾਰ ਸਾਹਿਬ ਅੰਦਰ ਹਫੜਾ-ਦਫੜੀ ਮੱਚ ਗਈ ਤੇ ਧੱਕਾ-ਮੁੱਕੀ ਵੀ ਹੋ ਗਈ। ਪਟਨਾ ਸਾਹਿਬ ਤਖਤ ਦੇ ਜਥੇਦਾਰ ਦੇ ਜ਼ੈੱਡ ਪਲੱਸ ਸੁਰੱਖਿਆਵਾਲਿਆਂ ਨੇ ਧੱਕਾ-ਮੁੱਲੀ ਕਰਦੇ ਲੋਕ ਨੂੰ ਸ਼ਾਂਤ ਕੀਤਾ ਤਾਂ ਇਸ ਮੌਕੇ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਤੇ ਐਡੀਸ਼ਨਲ ਮੁੱਖ ਗ੍ਰੰਥੀ ਭਾਈ ਬਲਦੇਵ ਸਿੰਘ ਨੇ ਇਸ ਦੀ ਵਿਚਾਰ ਕੀਤੀ। ਫਿਰ ਪ੍ਰਬੰਧਕ ਕਮੇਟੀ ਦੇ ਜਨਰਲ ਸੈਕਟਰੀ ਨੇ ਐਲਾਨ ਕੀਤਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਆਸਣ ਨਹੀਂ ਬਦਲਿਆ ਜਾਵੇਗਾ।ਇਸ ਐਲਾਨ ਨਾਲ ਮਾਹੌਲ ਸ਼ਾਂਤ ਹੋ ਗਿਆ।




# ਸਾਬਕਾ ਕਾਂਗਰਸੀ ਮੰਤਰੀ ਪਵਨ ਬਾਂਸਲ ਤੋਂ ਈ ਡੀ ਵੱਲੋਂ ਪੁੱਛਗਿੱਛ

ਨਵੀਂ ਦਿੱਲੀ, 12 ਅਪਰੈਲ, (ਪੋਸਟ ਬਿਊਰੋ)- ਐਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਅੱਜ ਮੰਗਲਵਾਰ ਨੈਸ਼ਨਲ ਹੈਰਾਲਡ ਕੇਸਵਿੱਚ ਸਾਬਕਾ ਕੇਂਦਰੀ ਮੰਤਰੀ ਅਤੇ ਸੀਨੀਅਰ ਕਾਂਗਰਸੀ ਆਗੂ ਪਵਨ ਬਾਂਸਲ ਤੋਂ ਲੰਮੀ ਪੁੱਛਗਿੱਛ ਕੀਤੀ।ਜਾਣਕਾਰ ਸੂਤਰਾਂ ਅਨੁਸਾਰ ਉਸ ਨੂੰ ਸੰਮਨ ਭੇਜ ਕੇ ਉਸ ਦੇ ਬਿਆਨ ਦਰਜ ਕੀਤੇ ਗਏ ਹਨ। ਇਸ ਤੋਂ ਪਹਿਲਾਂ ਸੋਮਵਾਰ ਨੂੰ ਈ ਡੀ ਨੇ ਨੈਸ਼ਨਲ ਹੈਰਾਲਡ ਕੇਸਵਿੱਚ ਮਨੀ ਲਾਂਡਰਿੰਗ ਜਾਂਚ ਵਾਸਤੇ ਸੀਨੀਅਰ ਕਾਂਗਰਸ ਨੇਤਾ ਤੇ ਸਾਬਕਾ ਮੰਤਰੀ ਮਲਿਕਾਅਰਜੁਨ ਖੜਗੇ ਤੋਂ ਪੁੱਛਗਿੱਛ ਕੀਤੀ ਸੀ ਤੇ ਅਗਲੇ ਦਿਨੀਂ ਕੁਝ ਹੋਰਨਾਂ ਤੋਂ ਕੀਤੀ ਜਾ ਸਕਦੀ ਹੈ।

ਚੱਲ ਰਹੀ ਪੁੱਛਗਿੱਛ ਬਾਰੇ ਈਡੀ ਦੇ ਇੱਕ ਅਫਸਰ ਨੇ ਕਿਹਾ, 'ਪੀਐੱਮਐੱਲਏ (ਮਨੀ ਲਾਂਡਰਿੰਗ ਰੋਕਣ ਦਾ ਕਾਨੂੰਨ)ਹੇਠ ਕੇਂਦਰੀ ਏਜੰਸੀ ਨੇ ਰਾਜ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਮੱਲਿਕਾਰਜੁਨ ਖੜਗੇ (79)ਤੋਂ ਪੰਜ ਘੰਟੇ ਪੁੱਛਗਿੱਛ ਕੀਤੀ ਅਤੇ ਉਨ੍ਹਾਂ ਦਾ ਬਿਆਨ ਦਰਜ ਕੀਤਾ।' ਨੈਸ਼ਨਲ ਹੈਰਾਲਡ ਅਖ਼ਬਾਰ ਐਸੋਸੀਏਟਿਡ ਜਰਨਲ ਲਿਮਟਿਡ ਭਾਵ 'ਏਜੇਐੱਲ' ਦੀ ਮਾਲਕੀ ਸੀ, ਜਿਸ ਨੇ ਦੋ ਅਖ਼ਬਾਰ ਹਿੰਦੀ ਵਿੱਚ 'ਨਵਜੀਵਨ' ਤੇ ਉਰਦੂਵਿੱਚ 'ਕੌਮੀ ਆਵਾਜ਼'ਵੀ ਛਾਪੇ ਸਨ। ਆਜ਼ਾਦੀ ਤੋਂ ਬਾਅਦ ਸਾਲ 1956 ਵਿੱਚ ਐਸੋਸੀਏਟਿਡ ਜਰਨਲ ਨੂੰ ਗੈਰ-ਵਪਾਰਕ ਕੰਪਨੀ ਬਣਾ ਦਿੱਤਾ ਗਿਆ ਤੇ ਇਸਨੂੰ ਕੰਪਨੀ ਐਕਟ ਦੀ ਧਾਰਾ 25



ਹੇਠ ਟੈਕਸ-ਮੁਕਤ ਕੀਤਾ ਗਿਆ ਸੀ। ਸਾਲ 2008 ਵਿੱਚ 'ਏਜੇਐੱਲ' ਦੀਆਂ ਸਾਰੀਆਂ ਅਖਬਾਰਾਂ ਛਪਣ ਤੋਂ ਰੋਕਦਿੱਤੀਆਂ ਗਈਆਂ ਤੇ ਕੰਪਨੀ 90 ਕਰੋੜ ਰੁਪਏ ਦੇ ਕਰਜ਼ੇ ਵਿੱਚ ਡੁੱਬ ਗਈ। ਫਿਰ ਕਾਂਗਰਸ ਲੀਡਰਸ਼ਿਪ ਨੇ 'ਯੰਗ ਇੰਡੀਅਨ ਪ੍ਰਾਈਵੇਟ ਲਿਮਟਿਡ' ਨਾਂ ਦੀ ਨਵੀਂ ਗੈਰ-ਵਪਾਰਕ ਕੰਪਨੀ ਬਣਾਈ, ਜਿਸ ਵਿੱਚ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦੇ ਨਾਲ ਮੋਤੀ ਲਾਲ ਵੋਰਾ, ਸੁਮਨ ਦੁਬੇ, ਆਸਕਰ ਫਰਨਾਂਡੇਜ਼ ਅਤੇ ਸੈਮ ਪਿਤਰੋਦਾ ਨੂੰ ਡਾਇਰੈਕਟਰ ਬਣਾਇਆ ਗਿਆ। ਨਵੀਂ ਕੰਪਨੀ ਵਿਚ ਸੋਨੀਆ ਗਾਂਧੀ ਅਤੇ ਰਾਹੁਲ ਗਾਂਧੀ ਦਾ 76 ਫੀਸਦੀ ਹਿੱਸਾਅਤੇ ਬਾਕੀ 24 ਫੀਸਦੀ ਸ਼ੇਅਰ ਹੋਰ ਡਾਇਰੈਕਟਰਾਂ ਕੋਲ ਸਨ।

ਕਾਂਗਰਸ ਪਾਰਟੀ ਨੇ ਇਸ ਕੰਪਨੀ ਨੂੰ ਚਲਾਉਣ ਲਈ 90 ਕਰੋੜ ਰੁਪਏ ਕਰਜ਼ਾ ਦਿੱਤਾ ਸੀ। ਇਸ ਕੰਪਨੀ 'ਏਜੇਐਲ ਉੱਤੇ ਭਾਜਪਾ ਨੇਤਾ ਸੁਬਰਾਮਣੀਅਮ ਸਵਾਮੀ ਨੇ 2012ਵਿੱਚ ਪਟੀਸ਼ਨ ਦਾਇਰ ਕਰਕੇ ਕਾਂਗਰਸ ਆਗੂਆਂ ਉੱਤੇ ਧੋਖਾਧੜੀ ਦਾ ਦੋਸ਼ ਲਾਇਆ ਅਤੇ ਪਟੀਸ਼ਨਵਿੱਚ ਕਿਹਾ ਕਿ 'ਯੰਗ ਇੰਡੀਅਨ ਪ੍ਰਾਈਵੇਟ ਲਿਮਟਿਡ' ਨੇ ਸਿਰਫ਼ 50 ਲੱਖ ਰੁਪਏਵਿੱਚੋਂ 90.25 ਕਰੋੜ ਰੁਪਏ ਦੀ ਵਸੂਲੀ ਕਰਨ ਦਾ ਜੋ ਹੱਲ ਕੱਢਿਆ ਹੈ, ਉਹ ਨਿਯਮਾਂ ਵਿਰੁੱਧ ਹੈ।ਉਸ ਨੇ ਦੋਸ਼ ਲਾਇਆ ਕਿ 50 ਲੱਖ ਰੁਪਏਵਿੱਚ ਨਵੀਂ ਕੰਪਨੀ ਬਣਾ ਕੇ 'ਏਜੇਐੱਲ' ਦੀ 2000 ਕਰੋੜ ਦੀ ਜਾਇਦਾਦ 'ਆਪਣੀ' ਹੋਣ ਦਾ ਧੋਖਾ ਕੀਤਾ ਗਿਆ ਹੈ।ਦਿੱਲੀ ਦੀ ਇੱਕ ਅਦਾਲਤ ਨੇ ਇਸ ਕੇਸਵਿੱਚ ਚਾਰ ਗਵਾਹਾਂ ਦੇ ਬਿਆਨ ਦਰਜ ਕੀਤੇ ਤੇ 26 ਜੂਨ 2014 ਨੂੰ ਸੋਨੀਆ ਗਾਂਧੀ ਤੇ ਰਾਹੁਲ ਗਾਂਧੀ ਨੂੰ ਨਵੀਂ ਕੰਪਨੀ ਕੇਸਵਿੱਚ ਪੇਸ਼ੀ ਲਈ ਸੰਮਨ ਜਾਰੀ ਕੀਤਾ, ਇਨ੍ਹਾਂ ਨਾਲ ਸੈਮ ਪਿਤਰੋਦਾ, ਸੁਮਨ ਦੁਬੇ, ਆਸਕਰ ਫਰਨਾਂਡੀਜ਼ ਅਤੇ ਮੋਤੀਲਾਲ ਵੋਰਾ ਕੇਸ ਵਿੱਚ ਸ਼ਾਮਲ ਹਨ।












# ਵਰਕਫੋਰਸ ਦੀ ਘਾਟ ਨੂੰ ਪੂਰਾ ਕਰਨ ਲਈ ਪ੍ਰੋਵਿੰਸ ਸ਼ੁਰੂ ਕਰੇਗਾ ਨਵੇਂ ਡਿਗਰੀ ਕੋਰਸ

ਓਨਟਾਰੀਓ, 12 ਅਪਰੈਲ (ਪੋਸਟ ਬਿਊਰੋ) : ਲੇਬਰ ਫੋਰਸ ਦੇ ਖੱਪੇ ਨੂੰ ਭਰਨ ਲਈ ਓਨਟਾਰੀਓ ਵੱਲੋਂ ਪਬਲਿਕ ਕਾਲਜ ਡਿਗਰੀ ਕੋਰਸ ਸ਼ੁਰੂ ਕੀਤੇ ਜਾ ਰਹੇ ਹਨ।




ਪਬਲਿਕ ਕਾਲਜ ਹੁਣ ਤਿੰਨ ਤੇ ਚਾਰ ਸਾਲ ਦੇ ਡਿਗਰੀ ਪ੍ਰੋਗਰਾਮ ਸ਼ੁਰੂ ਕਰ ਸਕਣਗੇ ਜਿਨ੍ਹਾਂ ਨਾਲ ਆਟੋ ਸੈਕਟਰ ਵਰਗੇ ਮੰਨੇ ਪ੍ਰਮੰਨੇ ਖੇਤਰਾਂ ਲਈ ਗ੍ਰੈਜੂਏਟਸ ਨੂੰ ਤਿਆਰ ਕੀਤਾ ਜਾ ਸਕੇਗਾ। ਪ੍ਰੋਵਿੰਸ ਦਾ ਕਹਿਣਾ ਹੈ ਕਿ ਤਿੰਨ ਸਾਲਾਂ ਦੇ ਅਪਲਾਈਡ ਡਿਗਰੀ ਪ੍ਰੋਗਰਾਮ ਕਾਲਜ ਪ੍ਰੋਗਰਾਮ ਦੀ ਇਜਾਜ਼ਤ ਦਿੱਤੀ ਜਾਵੇਗੀ, ਜੋ ਕਿ ਤਕਨਾਲਜੀ ਨਾਲ ਜੁੜੀਆਂ ਨੌਕਰੀਆਂ ਲਈ ਹੁਨਰਮੰਦ ਕਾਮੇ ਤਿਆਰ ਕਰ ਸਕਣਗੇ। ਇਸ ਦੇ ਨਾਲ ਹੀ ਇਲੈਕਟ੍ਰਿਕ ਤੇ ਇਨਫਰਾਸਟ੍ਰਕਚਰ, ਜਿਵੇਂ ਕਿ ਸੜਕਾਂ ਤੇ ਟਰਾਂਜ਼ਿਟ ਦੇ ਨਿਰਮਾਣ ਲਈ ਵਰਕਰਜ਼ ਨੂੰ ਤਿਆਰ ਕੀਤਾ ਜਾ ਸਕੇਗਾ।

ਕਾਲਜ ਤੇ ਯੂਨੀਵਰਸਿਟੀਜ਼ ਮੰਤਰੀ ਜਿਲ ਡਨਲਪ ਨੇ ਆਖਿਆ ਕਿ ਸਰਕਾਰ ਦੀ ਇਹ ਯੋਜਨਾ ਨਾਜ਼ੁਕ ਦੌਰ ਵਿੱਚੋਂ ਲੰਘ ਰਹੇ ਇਨਫਰਾਸਟ੍ਰਕਚਰ ਵਿੱਚ ਨਿਵੇਸ਼ ਕਰਨਾ ਹੈ ਤੇ ਆਟੋ ਸੈਕਟਰ ਵਿੱਚ ਪ੍ਰੋਵਿੰਸ ਨੂੰ ਨੌਰਥ ਅਮਰੀਕਾ ਵਿੱਚ ਲੀਡਰ ਬਣਾਉਣਾ ਹੈ। ਪ੍ਰੋਵਿੰਸ ਦਾ ਕਹਿਣਾ ਹੈ ਕਿ ਇਸ ਨਵੇਂ ਪ੍ਰੋਗਰਾਮ ਤਹਿਤ 2023 ਦੇ ਅੰਤ ਤੱਕ ਵਿਦਿਆਰਥੀਆਂ ਦੇ ਦਾਖਲੇ ਸ਼ੁਰੂ ਕਰ ਦਿੱਤੇ ਜਾਣਗੇ।

# ਇਟੋਬੀਕੋ ਵਿੱਚ ਕਈ ਗੱਡੀਆਂ ਦੇ ਆਪਸ ਵਿੱਚ ਟਕਰਾਅ ਜਾਣ ਦੀ ਜਾਂਚ ਕਰ ਰਹੀ ਹੈ ਪੁਲਿਸ

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, |
| Office Admin | Sajandeep Singh |
| Graphic Designer | Angrez Singh |
| Photographer | Kanwaljit Singh Kanwal |
| Distributer Marketing: | Aman Warraich Sajandeep Singh |


Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.




ਇਟੋਬੀਕੋ, 12 ਅਪਰੈਲ (ਪੋਸਟ ਬਿਊਰੋ) : ਮੰਗਲਵਾਰ ਸ਼ਾਮ ਨੂੰ ਇਟੋਬੀਕੋ ਵਿੱਚ ਕਈ ਗੱਡੀਆਂ ਦੇ ਆਪਸ ਵਿੱਚ ਟਕਰਾਉਣ ਦੇ ਕਾਰਨਾਂ ਦਾ ਪਤਾ ਲਾਉਣ ਦੀ ਟੋਰਾਂਟੋ ਪੁਲਿਸ ਵੱਲੋਂ ਕੋਸ਼ਿਸ਼ ਕੀਤੀ ਜਾ ਰਹੀ ਹੈ।

ਰਾਤੀਂ 8:00 ਵਜੇ ਤੋਂ ਬਾਅਦ ਬਰਨਹੈਮਥੌਰਪ, ਈਸਟ ਮਾਲ ਤੇ ਵੈਸਟ ਮਾਲ ਇਲਾਕੇ ਵਿੱਚ ਕਈ ਗੱਡੀਆਂ ਦੇ ਆਪਸ ਵਿੱਚ ਟਕਰਾਉਣ ਦੀਆਂ ਪੁਲਿਸ ਨੂੰ ਕਈ ਰਿਪੋਰਟਾਂ ਮਿਲੀਆਂ।ਇਥੇ ਇੱਕ ਗੱਡੀ ਦੇ ਦੂਰ ਤੱਕ ਘਸੀਟੇ ਜਾਣ ਤੇ ਇੱਕ ਹੋਰ ਕਾਰ ਦੇ ਹਾਈਡਰੋ ਪੋਲ ਨਾਲ ਜਾ ਟਕਰਾਉਣ ਦਾ ਵੀ ਪਤਾ ਲੱਗਿਆ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੇ ਜਾਣ ਕਾਰਨ 427 ਉੱਤੇ ਦੇਰ ਹਣ ਦੀ ਸੰਭਾਵਨਾ ਹੈ।

ਪੀਲ ਪੁਲਿਸ ਨੇ ਦੱਸਿਆ ਕਿ ਰਾਤੀਂ 8:00 ਵਜੇ ਦੇ ਨੇੜੇ ਤੇੜੇ ਡਿਕਸੀ ਰੋਡ ਤੇ ਕੁਈਜ਼ਵੇਅ ਉੱਤੇ ਸੱਤ ਗੱਡੀਆਂ ਆਪਸ ਵਿੱਚ ਟਕਰਾ ਗਈਆਂ। ਇੱਕ ਮਹਿਲਾ ਨੂੰ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਲਿਜਾਇਆ ਗਿਆ ਤੇ ਇਸ ਲਾਂਘੇ ਨੂੰ ਬੰਦ ਕਰ ਦਿੱਤਾ ਗਿਆ। ਇੱਕ ਪੁਰਸ਼ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਵੀ ਕੀਤੀ ਕਿ ਕਈ ਗੱਡੀਆਂ ਦੀ ਟੱਕਰ ਤੇ ਬਰਨਥੌਰਪ ਵਾਲਾ ਹਾਦਸਾ ਆਪਸ ਵਿੱਚ ਜੁੜੇ ਹੋਏ ਹਨ।

## ਡੈਮ ਉੱਤੇ ਘੁੰਮਣ ਗਏ ਚਾਰ ਲੜਕਿਆਂ ਵਿੱਚੋਂ ਇੱਕ ਦੀ ਡੁੱਬ ਕੇ ਮੌਤ

ਗੜ੍ਹਦੀਵਾਲਾ, 12 ਅਪ੍ਰੈਲ (ਪੋਸਟ ਬਿਊਰੋ)- ਜ਼ਿਲ੍ਹਾ ਹੁਸ਼ਿਆਰਪੁਰ ਦੇ ਥਾਣਾ ਗੜ੍ਹਦੀਵਾਲਾ ਹੇਠ ਥਾਣਾ ਡੈਮ ਉੱਤੇ ਘੁੰਮਣ ਗਏ ਚਾਰ ਨੌਜਵਾਨਾਂ ਵਿੱਚੋਂ ਇੱਕ ਦੀ ਪਾਣੀ ਵਿੱਚ ਡੁੱਬਣ ਨਾਲ ਮੌਤ ਹੋ ਜਾਣ ਦੀ ਖਬਰ ਹੈ। ਪੁਲਸ ਨੇ ਮੌਕੇ ਉੱਤੇ ਪੁੱਜ ਕੇ ਡੈਮ ਵਿੱਚ ਡੁੱਬੇ ਨੌਜਵਾਨ ਦੀ ਦੇਰ ਰਾਤ ਤਕ ਤਲਾਸ਼ ਕੀਤੀ ਪ੍ਰੰਤੂ ਹਨੇਰਾ ਹੋਣ ਲੱਭ ਨਹੀਂ ਸਕੀ।। ਕੱਲ੍ਹ ਸਵੇਰੇਫੇਰ ਪੁਲਸ ਤੇ ਬਾਬਾ ਦੀਪ ਸਿੰਘ ਦਲ ਵੱਲੋਂ ਨੰਗਲ ਡੈਮ ਤੋਂ ਗੋਤਾਖੋਰ ਮੰਗਵਾ ਕੇ ਨੌਜਵਾਨ ਦੀ ਦੇਹ ਲੱਭੀ ਗਈ। ਮ੍ਰਿਤਕ ਦੀ ਪਛਾਣ ਅਸਨੀ ਪੁੱਤਰ ਜਗਦੀਸ਼ ਲਾਲ ਵਾਸੀ ਗੁਜਰਾਤੀ ਮਹੱਲਾ ਵਾਰਡ ਨੰਬਰ-6 ਗੜ੍ਹਦੀਵਾਲਾ ਵਜੋਂ ਹੋਈ। ਗੜ੍ਹਦੀਵਾਲਾ ਪੁਲਸ ਵੱਲੋਂ ਅਗਲੀ ਕਾਰਵਾਈ ਕੀਤੀ ਜਾ ਰਹੀ ਹੈ।

ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM

Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM
TV-nri 7:30am- 8:30am,TV-nri 8:30pm- 9:30pm

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


ਜਰੂਰੀ ਬੇਨਤੀ

ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਦੀਆਂ ਸਾਧ ਸੰਗਤਾਂ ਵਲੋਂ

ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ

ਭਾਰੀ ਸਮਾਗਮ

ਗੁਰੂ ਪਿਆਰੀ ਸਾਧ ਸੰਗਤ ਜੀ ਪਿੰਡ ਸੂਸਾਂ ਜਿਲ੍ਹਾ ਹੁਸ਼ਿਆਰਪੁਰ ਅਤੇ ਸਮੂਹ ਇਲਾਕਾ ਨਿਵਾਸੀ ਸਾਧ ਸੰਗਤਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਬਾਬਾ ਜਵਾਹਰ ਦਾਸ ਜੀ ਦੇ ਸਾਲਾਨਾ ਜੋੜ ਮੇਲੇ ਦੀ ਖੁਸ਼ੀ ਵਿੱਚ ਡਿਕਸੀ ਰੋਡ ਗੁਰਦੁਆਰਾ ਸਾਹਿਬ ਵਿਖੇ 13 ਮਈ ਦਿਨ ਸ਼ੁੱਕਰਵਾਰ ਨੂੰ ਅਖੰਡ ਪਾਠ ਸਾਹਿਬ ਸਵੇਰੇ 10 ਵਜੇ ਆਰੰਭ ਹੋਣ ਜਾ ਰਹੇ ਹਨ। ਇਨ੍ਹਾਂ ਦੇ ਭੋਗ 15 ਮਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪੈਣਗੇ। ਇਸ ਉਪਰੰਤ ਕੀਰਤਨੀ ਜੱਥੇ ਸੰਗਤਾਂ ਨੂੰ ਗੁਰਬਾਣੀ ਦੇ ਮਨੋਹਰ ਕੀਰਤਨ ਦਵਾਰਾ ਨਿਹਾਲ ਕਰਣਗੇ। ਬੇਨਤੀ ਹੈ ਕਿ ਇਸ ਸਮੇਂ ਹੁੰਮ ਹੁੰਮਾ ਕੇ ਦਰਸ਼ਨ ਦਿਓ ਜੀ। ਵਧੇਰੇ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ 'ਤੇ ਸੰਪਰਕ ਕੀਤਾ ਜਾ ਸਕਦਾ ਹੈ।



ਧਰਮਿੰਦਰ ਸਿੰਘ ਸੂਸਾਂ: 416-879-6824 ,ਪਰਮਜੀਤ ਸਿੰਘ ਸੂਚ: 416-873-7508
ਸਰਬਜੀਤ ਸਿੰਘ ਸੂਚ: 416-357-7667, ਗੁਰਮੇਲ ਸਿੰਘ ਸੂਚ : 905-814-0756

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਗੁਰਮਤਿ ਸੰਗੀਤ ਨੂੰ ਦੇਣ

ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਲਾਸਾਨੀ ਪ੍ਰਤਿਭਾ ਦੇ ਮਾਲਕ ਸਨ। ਆਪ ਸਾਹਿਤ ਅਤੇ ਸੰਗੀਤ ਦੇ ਮਹਾਨ ਗਿਆਤਾ ਸਨ ਅਤੇ ਬ੍ਰਿਜ ਭਾਸ਼ਾ ਫਾਰਸੀ ਅਤੇ ਹਿੰਦੀ ਆਦਿ ਭਾਸ਼ਾਵਾਂ ਦੇ ਮਹਾਨ ਕਵੀ ਸਨ। ਇੰਨਾ ਹੀ ਨਹੀਂ ਆਪ ਇਕ ਸੂਰਬੀਰ ਯੋਧਾ ਅਤੇ ਚੰਗੇ ਸੰਗੀਤਕਾਰ ਸਨ। ਆਪਣੇ 42 ਸਾਲਾਂ ਦੇ ਜੀਵਨ ਵਿਚ ਆਪ ਨੇ ਜਿਥੇ ਸਿੱਖ ਕੌਮ ਨੂੰ ਨਵੀਂ ਸੇਧ ਦਿੱਤੀ ਉਥੇ ਆਪ ਜੀ ਦਾ ਗੁਰਮਤਿ ਸੰਗੀਤ ਦੇ ਖੇਤਰ ਵਿਚ ਵੀ ਮਹਾਨ ਯੋਗਦਾਨ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਦਰਜ ਕਰਨਾ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੀ ਹੋ ਗਈ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸਮੇਂ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕਰਵਾਇਆ। ਇਹ ਕਾਰਜ ਦਮਦਮਾ ਸਾਹਿਬ ਵਿਚ ਰਹਿ ਕੇ ਆਪ ਜੀ ਨੇ ਭਾਈ ਮਨੀ ਸਿੰਘ ਜੀ ਕੋਲੋਂ ਕਰਵਾਇਆ।

ਦਸਮ ਗ੍ਰੰਥ ਦੀ ਰਚਨਾ- ਗੁਰੂ ਜੀ ਬ੍ਰਿਜ ਭਾਸ਼ਾ ਫਾਰਸੀ ਅਤੇ ਹਿੰਦੀ ਆਦਿ ਭਾਸ਼ਾਵਾਂ ਦੇ ਮਹਾਨ ਕਵੀ ਸਨ। ਇਹਨਾਂ ਨੇ ਆਪਣੇ ਦਰਬਾਰ ਵਿਚ 52 ਕਵੀ ਰੱਖੇ ਹੋਏ ਸਨ। ਗੁਰੂ ਜੀ ਦੀਆਂ ਆਪਣੀਆਂ ਅਤੇ ਇਹਨਾਂ ਕਵੀਆਂ ਦੀਆਂ ਰਚਨਾਵਾਂ ਦਾ ਸੰਕਲਨ ਦਸਮ ਗ੍ਰੰਥ ਦੇ ਰੂਪ ਵਿਚ ਕਰਵਾਇਆ। ਇਸ ਨੂੰ ਲਿਖਣ ਦਾ ਮਹਾਨ ਕਾਰਜ ਭਾਈ ਮਨੀ ਸਿੰਘ ਜੀ ਨੇ ਕੀਤਾ। ਰਾਜਨੀਤਿਕ ਹਾਲਾਤਾਂ ਤੋਂ ਪ੍ਰਭਾਵਿਤ ਹੋ ਕੇ ਗੁਰੂ ਜੀ ਨੇ ਬੀਰ ਰਸ ਭਰਪੂਰ ਕਾਵਿ ਰਚਿਆ। ਇਹਨਾਂ ਦੁਆਰਾ ਰਚਿਤ ਬੀਰ ਕਾਵਿ ਪੰਜਾਬੀ ਸਾਹਿਤ ਦਾ ਉੱਤਮ ਨਮੂਨਾ ਹਨ। ਇਹਨਾਂ ਦੇ ਦਰਬਾਰੀ ਕਵੀ ਵੀ ਇਹਨਾਂ ਦੀਆਂ ਪਾਈਆਂ ਲੀਹਾਂ ਦੇ ਅਨੁਸਾਰ ਹੀ ਕਵਿਤਾ ਰਚਦੇ ਸਨ। ਦਸਮ ਗ੍ਰੰਥ 1428 ਪੰਨਿਆਂ ਦਾ ਇਕ ਵਿਸ਼ਾਲ ਅਕਾਰ ਦਾ ਗ੍ਰੰਥ ਹੈ।

ਸੰਗੀਤਕ ਸ਼ਬਦਾਵਲੀ ਦਾ ਪ੍ਰਯੋਗ- ਦਸਮ ਗ੍ਰੰਥ ਦੀਆਂ ਰਚਨਾਵਾਂ ਦੇ ਅਧਿਐਨ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਜੀ ਜਿਥੇ ਮਹਾਨ ਧਾਰਮਿਕ ਆਗੂ ਸਨ ਉਥੇ ਅਦੁੱਤੀ ਕਵੀ ਅਤੇ ਸੰਗੀਤ ਦੇ ਗਿਆਤਾ ਵੀ ਸਨ। ਗੁਰੂ ਜੀ ਦੀ ਮਹਾਨ ਬਾਣੀ ਵਿਚ ਸੰਗੀਤ ਪ੍ਰਤੀ ਉਹਨਾਂ ਦੀ ਸੂਖਮ ਸੂਝ ਦਾ ਗਿਆਨ ਮਿਲਦਾ ਹੈ। ਇਹਨਾਂ ਦੀਆਂ ਰਚਨਾਵਾਂ ਵਿਚ ਢੋਲ, ਮਿਰਦੰਗ, ਨਗਾਰੇ, ਸੰਖ, ਤਾਲ, ਗੀਤ, ਤਾਨ, ਤਰੰਗ ਆਦਿ ਸੰਗੀਤਕ ਸ਼ਬਦਾਵਲੀ ਦਾ ਪ੍ਰਯੋਗ ਮਿਲਦਾ ਹੈ। ਦਸਮ ਗ੍ਰੰਥ ਵਿਚ ਜਾਪੁ ਸਾਹਿਬ ਬਾਣੀ ਵਿਚ ਭੁਜੰਗ ਪ੍ਰਯਾਤ ਛੰਦ ਵਿਚ ਸੰਗੀਤ ਦੀ ਸ਼ਬਦਾਵਲੀ ਗਾਇਨ, ਵਾਦਨ, ਨ੍ਰਿਤ, ਨਾਦ ਅਤੇ ਤਾਨਾਂ ਨੂੰ ਇੰਨੀ ਗਹਿਰਾਈ ਨਾਲ ਉਸ ਅਕਾਲ ਪੁਰਖ ਦੀ ਉਸਤਤੀ ਲਈ ਪਯੋਗ ਕੀਤਾ ਹੈ ਜਿਵੇਂ-

*ਨਮੋ ਗੀਤ ਗੀਤੇ॥ ਨਮੋ ਤਾਨ ਤਾਨੇ॥47॥*
*ਨਮੋ ਨ੍ਰਿਤ ਨ੍ਰਿਤੇ॥ ਨਮੋ ਨਾਦ ਨਾਦੇ॥*
*ਨਮੋ ਪਾਨ ਪਾਨੇ॥ ਨਮੋ ਬਾਦ ਬਾਦੇ॥48॥*

ਚੰਡੀ ਚਰਿਤਰ ਵਿਚ ਪ੍ਰਭੂ ਉਸਤਤੀ ਲਈ ਰਚਿਤ ਬਾਣੀ ਵਿਚ ਅਨੇਕ ਵਾਦਿਆਂ ਦਾ ਉਲੇਖ ਮਿਲਦਾ ਹੈ ਜਿਵੇਂ-



*ਝਾਲਰ ਤਾਲ ਮ੍ਰਿਦੰਗ ਉਪੰਗ ਰਬਾਬ ਲੀਏ ਸੁਰ ਸਾਜ ਮਿਲਾਵੈ॥*

ਸੰਗੀਤ ਵਾਦਿਆਂ ਦੇ ਭਿੰਨ-ਭਿੰਨ ਪ੍ਰਕਾਰਾਂ ਦੀ ਜਾਣਕਾਰੀ ਹੇਠ ਲਿਖੀਆਂ ਤੁਕਾਂ ਤੋਂ ਮਿਲਦੀ ਹੈ।

*ਤਤ ਬਿਦ ਘਨ ਸੁਖ ਰਸ ਬਾਜੈ॥*
*ਸੁਨ ਮਨ ਰਾਗ ਗੁਨਿ ਗਾਨ ਲਾਜੈ॥*

ਵੱਖ-ਵੱਖ ਗਾਇਨ ਸ਼ੈਲੀਆਂ ਦਾ ਪ੍ਰਯੋਗ- ਦਸਮ ਗ੍ਰੰਥ ਦੇ ਅਧਿਐਨ ਤੋਂ ਬਾਅਦ ਸਹਿਜੇ ਹੀ ਇਹ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਦਸਮ ਗ੍ਰੰਥ ਸੰਗੀਤ ਦਾ ਇਕ ਵਿਸ਼ਾਲ ਭੰਡਾਰ ਹੈ। ਢੋਲ, ਮ੍ਰਿਦੰਗ, ਨਗਾਰੇ, ਸੰਖ, ਧੁਨੀ, ਰਾਗ, ਗੰਧਰਵ, ਤੰਤੀ, ਤਾਨ ਤਰੰਗ, ਤਾਲ, ਗੀਤ ਆਦਿ ਸ਼ਬਦ ਗੂੜੀ ਸੰਗੀਤਕ ਸੂਝ ਦੀ ਉਪਜ ਹਨ। ਇਹ ਹੀ ਨਹੀਂ ਪ੍ਰਚਲਿਤ ਗਾਇਨ ਸ਼ੈਲੀ ਧਮਾਰ ਸੰਬੰਧੀ ਉਲੇਖ ਵੀ ਦਸਮ ਗ੍ਰੰਥ ਵਿਚ ਮਿਲਦਾ ਹੈ। ਜਿਵੇਂ-

*ਮਾਘ ਬਿਤਿਤ ਭਈ ਰੁਤ ਫਾਗੁਨ ਆਇ ਗਈ ਸਭ ਖੇਲਤ ਹੋਰੀ॥*
*ਖੇਲਤ ਸਿਯਾਮ ਧਮਾਰ ਅਨੂਪ ਮਹਾਸਿਨ ਸੁੰਦਰਿ ਸਾਂਵਲ ਗੋਰੀ॥*

ਧਮਾਰ ਗਾਇਨ ਸ਼ੈਲੀ ਦੀ ਗਾਇਨ ਰੁੱਤ ਅਤੇ ਵਿਸ਼ਾ ਵਸਤੂ ਸੰਬੰਧੀ ਜਾਣਕਾਰੀ ਦਾ ਉੱਤਮ ਨਮੂਨਾ ਉਪਰੋਕਤ ਰਚਨਾ ਹੈ। ਫੱਗਣ ਦੀ ਰੁੱਤ ਵਿਚ ਹੋਲੀ ਖੇਡਣ ਨੂੰ ਖੇਲਤ ਧਮਾਰ ਕਹਿਣਾ ਉਸ ਸਮੇਂ ਦੀ ਪ੍ਰਸਿੱਧ ਗਾਇਨ ਸ਼ੈਲੀ ਧਮਾਰ ਅਤੇ ਉਸਦੇ ਵਿਸ਼ੇ ਵਸਤੂ ਨੂੰ ਅਤਿ ਕਲਾ ਕੌਸ਼ਲਤਾ ਨਾਲ ਦਰਸਾਇਆ ਗਿਆ ਹੈ। ਪ੍ਰੋ. ਤਾਰਾ ਸਿੰਘ ਅਨੁਸਾਰ ਗੁਰੂ ਗ੍ਰੰਥ ਸਾਹਿਬ ਜੀ ਦੀ ਸਾਰੀ ਰਚਨਾ ਵਿਚ ਖਿਆਲ ਸ਼ਬਦ ਦਾ ਪ੍ਰਯੋਗ ਕਿਸ਼ੇ ਵੀ ਸ਼ੈਲੀ ਦੇ ਰੂਪ ਵਿਚ ਨਹੀਂ ਹੋਇਆ। ਗੁਰੂ ਗੋਬਿੰਦ ਸਿੰਘ ਜੀ ਦੁਆਰਾ ਰਚਿਤ ਖਿਆਲ 'ਮਿਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਪਹਿਲੀ ਵਾਰ ਮਿਲਦਾ ਹੈ।

ਸੰਗੀਤਕ ਛੰਦ- ਗੁਰੂ ਜੀ ਦੀਆਂ ਰਚਨਾਵਾਂ ਵਿਚ ਛੰਦ ਉਹਨਾਂ ਦੀ ਸੰਗੀਤਕ ਸੂਝ ਦਾ ਉੱਤਮ ਨਮੂਨਾ ਹਨ। ਸੰਗੀਤਕ ਛੰਦ ਵਿਚ ਮ੍ਰਿਦੰਗ ਦੇ ਭਿੰਨ-ਭਿੰਨ ਬੋਲਾਂ ਦੇ ਆਧਾਰ ਤੇ ਕਾਵਿ ਰਚਨਾ ਕੀਤੀ ਗਈ ਹੈ। ਇਹਨਾਂ ਵਿਚੋਂ ਸੱਤ ਪ੍ਰਕਾਰ ਇਸ ਤਰ੍ਹਾਂ ਹਨ-

1. ਸੰਗੀਤਕ ਛਪਯ 2. ਸੰਗੀਤ ਨਾਰਾਜ 3. ਸੰਗੀਤ ਪਧਿਸਟਕਾ 4. ਸੰਗੀਤ ਪਾਦੜੀ 5. ਸੰਗੀਤ ਬਹੁੜਾ 6. ਸੰਗੀਤ ਭੁਜੰਗ ਪ੍ਰਯਾਤ 7. ਸੰਗੀਤ ਮਧੁਭਾਰ

ਸਿੱਖ ਪਰੰਪਰਾਵਾਂ ਦੇ ਅਨੁਸਾਰ ਬਾਣੀ ਦੀ ਰਚਨਾ- ਪਹਿਲੇ ਗੁਰੂ ਤੋਂ ਲੈ ਕੇ ਜੋ ਪਰੰਪਰਾ ਚਲੀ ਆ ਰਹੀ ਸੀ ਜਿਵੇਂ ਰਹਾਉ, ਅੰਕ, ਘਰ, ਰਾਗ ਆਦਿ ਨੂੰ ਕਾਇਮ ਰੱਖਦੇ ਹੋਏ ਗੁਰੂ ਜੀ ਨੇ ਰਾਮਕਲੀ, ਸੋਰਠਿ, ਕਲਿਆਣ, ਤਿਲੰਗ, ਕਾਫੀ, ਬਿਲਾਵਲ, ਦੇਵਗੰਧਾਰੀ ਆਦਿ ਰਾਗਾਂ ਵਿਚ ਬਾਣੀ ਦੀ ਰਚਨਾ ਕਰਕੇ ਪਹਿਲਾਂ ਚਲੀ ਆ ਰਹੀ ਪਰੰਪਰਾ ਦਾ ਅਨੁਸਰਨ ਕੀਤਾ।

ਕੀਰਤਨ ਪਰੰਪਰਾ ਨੂੰ ਕਾਇਮ ਰੱਖਣਾ- ਗੁਰੂ ਜੀ ਦੁਆਰਾ ਗੁਰਮਤਿ ਸੰਗੀਤ ਚਲੀਆਂ ਆ ਰਹੀਆਂ ਪਰੰਪਰਾ ਨੂੰ ਕਾਇਮ ਰੱਖਿਆ ਜਾ ਰਿਹਾ ਸੀ। ਇਨ੍ਹਾਂ ਵਿਚ ਦੀਵਾਨ ਲਗਾਉਣਾ, ਰਾਗ ਅਤੇ ਗਾਇਨ ਸ਼ੈਲੀਆਂ ਅਨੁਸਾਰ ਕੀਰਤਨ ਕਰਨਾ ਗੁਰਮਤਿ ਸੰਗੀਤ ਦੀਆਂ ਪਰੰਪਰਾਵਾਂ ਦੇ ਅੰਤਰਗਤ ਆਉਂਦਾ ਹੈ। ਇਨ੍ਹਾਂ ਦੇ ਸਮੇਂ ਵੀ ਸਵੇਰੇ ਆਸਾ ਦੀ ਵਾਰ, ਸ਼ਾਮ ਨੂੰ ਸੋਦਰ ਦੀ ਚੌਕੀ ਦਾ ਕੀਰਤਨ ਹੁੰਦਾ ਸੀ। ਇਥੋਂ ਤੱਕ ਕਿ ਜੰਗਾਂ ਜੁੱਧਾਂ ਦੇ ਦਿਨਾਂ ਵਿਚ ਵੀ ਸਵੇਰੇ ਅਤੇ ਸ਼ਾਮ ਨੂੰ ਦੀਵਾਨ ਲਾ ਕੇ ਕੀਰਤਨ ਕਰਦੇ ਸਨ।

ਵਾਰ ਗਾਇਨ ਪਰੰਪਰਾ ਨੂੰ ਕਾਇਮ ਰੱਖਣਾ- ਗੁਰੂ ਜੀ ਜਿਥੇ ਜੰਗਾਂ-ਜੁੱਧਾਂ ਵਿਚ ਆਪਣੇ ਨਾਲ ਕੀਰਤਨ ਦੀ ਪਰੰਪਰਾ ਚਲਾਉਂਦੇ ਸਨ ਉਥੇ ਉਨ੍ਹਾਂ ਵਾਰ ਗਾਇਨ ਦੀ ਪਰੰਪਰਾ ਨੂੰ ਵੀ ਕਾਇਮ ਰੱਖਿਆ। ਵਾਰ ਗਾਇਨ ਦੀ ਪਰੰਪਰਾ ਗੁਰੂ ਹਰਗੋਬਿੰਦ ਜੀ ਨੇ ਸ਼ੁਰੂ ਕੀਤੀ ਸੀ। ਗੁਰੂ ਗੋਬਿੰਦ ਸਿੰਘ ਜੀ ਦੀ ਬੀਰ ਰਸੀ ਰਚਨਾ ਚੰਡੀ ਦੀ ਵਾਰ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਵਿਚ ਤਾਲ ਦੀ ਪਰਿਪੱਕਤਾ- ਗੁਰੂ ਜੀ ਦੀ ਬਾਣੀ ਵਿਚ ਰਵਾਨਗੀ, ਤਾਲ, ਮਾਤਰਾ ਅਤੇ ਛੰਦ ਦੀ ਪਕੇਰੀ ਪਕੜ ਹੈ। ਜਿਵੇ:-

*ਖਗ ਖੰਡ ਬਿਹੰਡੰ ਖਲਦਲ ਖੰਡੰ ਅਤਿ ਰਣ ਮੰਡੰ ਬਰਬੰਡੰ॥*
*ਸਵੈਯਾ- ਦੁਕਾਲੰ ਪ੍ਰਣਾਸੀ ਦਿਆਲੰ ਸਰੂਪੇ॥*
*ਸਦਾ ਅੰਗ ਸੰਗੇ ਅਭੰਗੰ ਬਿਭੂਤੇ॥*

ਦਸਮ ਗ੍ਰੰਥ ਵਿਚ ਸੰਗੀਤਕ ਵਿਚ ਸ਼ਬਦਾਵਲੀ ਦਾ ਪ੍ਰਯੋਗ- ਗੁਰੂ ਜੀ ਨੇ ਜਾਪੁ ਸਾਹਿਬ ਵਿਚ ਸੰਗੀਤ ਦੀ ਸ਼ਬਦਾਵਲੀ ਜਿਵੇਂ ਗਾਇਨ, ਵਾਦਨ, ਨ੍ਰਿਤ, ਨਾਦ ਅਤੇ ਤਾਨਾਂ ਆਦਿ ਨੂੰ ਕਿੰਨੇ ਗਹਿਰਾਈ ਨਾਲ ਉਸ ਅਕਾਲ ਪ੍ਰਭੂ ਦੀ ਉਸਤਤੀ ਲਈ ਵਰਤਿਆ ਹੈ ਜੋ ਆਪਣੀ ਮਿਸਾਲ ਆਪ ਹੈ। ਇਸ ਤੋਂ ਬਿਨ੍ਹਾਂ ਸੰਸਕ੍ਰਿਤ ਸ਼ਬਦਾਵਲੀ ਦੀ ਵਰਤੋਂ ਬੜੇ ਸੁੰਦਰ ਢੰਗ ਨਾਲ ਕੀਤੀ ਹੈ।

ਸਰਬ ਲੋਹ ਗ੍ਰੰਥ ਵਿਚ ਵੱਖ-ਵੱਖ ਰਾਗਾਂ ਦਾ ਪ੍ਰਯੋਗ- ਦਸਮ ਗ੍ਰੰਥ ਦੀਆਂ ਰਚਨਾਵਾਂ ਤੋਂ ਇਹ ਗੱਲ ਸਪੱਸ਼ਟ ਹੋ ਜਾਂਦੀ ਹੈ ਕਿ ਗੁਰੂ ਜੀ ਜਿਥੇ ਮਹਾਨ ਧਾਰਮਿਕ ਆਗੂ ਸਨ ਉਥੇ ਅਦੁੱਤੀ ਕਵੀ ਤੇ ਸੰਗੀਤਵੇਤਾ ਵੀ ਸਨ। ਇਹੋ ਹੀ ਕਾਰਨ ਹੈ ਕਿ ਇਨ੍ਹਾਂ ਦੀਆਂ ਰਚਨਾਵਾਂ ਵਿਚ ਸਧਾਰਨ ਪੱਧਰ ਦੇ ਮਨੁੱਖ ਨੂੰ ਆਤਮਿਕ, ਸਰੀਰਕ, ਸਮਾਜਕ ਅਤੇ ਬੌਧਿਕ ਪੱਧਰ ਤੋਂ ਉਚਿਆਣ ਦੇ ਸਾਰੇ ਗੁਣ ਵਿਦਮਾਨ ਸਨ। ਆਪ ਜੀ ਨੇ ਸਰਬ ਲੋਹ ਗ੍ਰੰਥ ਵਿਚ ਵੱਖ-ਵੱਖ ਰਾਗਾਂ ਵਿਚ ਬਾਣੀ ਨੂੰ ਰਚਿਆ ਹੈ ਜਿਨ੍ਹਾਂ ਦੀ ਕੁੱਲ ਗਿਣਤੀ 150 ਦੇ ਨਜ਼ਦੀਕ ਹੈ।

ਦਸਮ ਗ੍ਰੰਥ ਦੀਆਂ ਬਾਕੀ ਰਚਨਾਵਾਂ ਬਚਿੱਤਰ ਨਾਟਕ ਦਾ ਹੀ ਅੰਗ ਹਨ। ਇਹ ਸਾਰੀ ਬਾਣੀ ਭਾਰਤੀ ਸਾਹਿਤ ਦਾ ਸ਼੍ਰੇਸ਼ਠਤਮ ਸਾਹਿਤ ਹੈ। ਇਸ ਦੀ ਸੰਗੀਤਕ ਤੌਰ ਤੇ ਵਿਸ਼ੇਸ਼ ਮਹਾਨਤਾ ਹੈ।

ਗੁਰੂ ਜੀ ਦੀਆਂ ਬਾਣੀਆਂ ਵਿਚ ਪਰਿਭਾਸ਼ਕ ਸ਼ਬਦ- ਦਸਮ ਗ੍ਰੰਥ ਸੰਗੀਤ ਦਾ ਵਿਸ਼ਾਲ ਭੰਡਾਰ ਹੈ। ਢੋਲ, ਮਿਰਦੰਗ, ਨਗਾਰੇ, ਸੰਖ, ਧੁਨੀ, ਕੋਲਾਹਲ, ਰਾਗ, ਗੰਧਰਵ, ਤੰਤੀ, ਤਾਨ, ਤਰੰਗ, ਤਾਲ, ਗੀਤ ਆਦਿ ਗੂੜੀ ਸੰਗੀਤਕ ਸਮਝ ਦੀ ਉਪਜ ਹਨ। ਫੱਗਣ ਦੀ ਰੁੱਤ ਵਿਚ ਹੋਲੀ ਖੇਡਣ ਨੂੰ 'ਖੇਲਤ ਧਮਾਰ' ਕਹਿਣਾ ਉਸ ਸਮੇਂ ਦੀ ਪ੍ਰਸਿੱਧ ਗਾਇਨ ਸ਼ੈਲੀ 'ਧਮਾਰ' ਨੂੰ ਕਾਇਮ ਰੱਖਣਾ ਹੀ ਨਹੀਂ ਦਰਸਾਉਂਦੀ ਸਗੋਂ ਉਸ ਸ਼ੈਲੀ ਦੇ ਵਿਸ਼ੇ ਵਸਤੂ ਨੂੰ ਵੀ ਅਤੀ ਕਲਾ ਕੌਸ਼ਲਤਾ ਨਾਲ ਦਰਸਾਇਆ ਗਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਢਾਡੀਆਂ ਦੁਆਰਾ ਵਾਰ ਗਾਇਨ ਪਰੰਪਰਾ ਬਹੁਤ ਜ਼ੋਰਾਂ ਤੇ ਸੀ। ਇਸ ਤੋਂ ਬਿਨ੍ਹਾਂ ਤਾਊਸ, ਤਾਨਪੁਰਾ, ਪਖਾਵਜ, ਤਬਲਾ, ਮ੍ਰਿਦੰਗ, ਰਬਾਬ ਵਰਗੇ ਸਾਜ਼ਾਂ ਦੀ ਕੀਰਤਨ ਲਈ ਵਰਤੋਂ ਕੀਤੀ ਜਾਂਦੀ ਸੀ। ਆਪ ਦਾ ਜੀਵਨ ਜੰਗਾਂ ਨਾਲ ਭਰਪੂਰ ਰਿਹਾ ਪ੍ਰੰਤੂ ਆਪ ਜੀ ਦੁਆਰਾ ਰਚੀ ਗਈ ਬਾਣੀ ਦੇ ਸਾਹਿਤਕ ਅਤੇ ਸੰਗੀਤਕ ਗੁਣਾਂ ਨੂੰ ਦੇਖਦੇ ਹੋਏ ਅਸੀਂ ਕਹਿ ਸਕਦੇ ਹਾਂ ਕਿ ਗੁਰੂ ਜੀ ਇਕ ਮਹਾਨ ਕਵੀ, ਧਰਮ ਪ੍ਰਚਾਰਕ, ਯੋਧੇ ਅਤੇ ਸੂਰਬੀਰ ਸਨ।

ਉਪਰੋਕਤ ਵਰਨਣ ਤੋਂ ਸਪੱਸ਼ਟ ਹੈ ਕਿ ਗੁਰੂ ਸਾਹਿਬਾਨ ਸੰਗੀਤ ਪ੍ਰਤੀ ਸੂਖਮ ਸੂਝ-ਬੂਝ ਰੱਖਣ ਵਾਲੇ ਸਨ। ਉਨ੍ਹਾਂ ਨੇ ਵੱਖ-ਵੱਖ ਰਾਗਾਂ ਵਿਚ ਬਾਣੀ ਦਾ ਉਚਾਰਣ ਕੀਤਾ। ਉਨ੍ਹਾਂ ਨੇ ਰਾਗ, ਕਾਵਿ, ਗਾਇਨ ਸ਼ੈਲੀਆਂ, ਕੀਰਤਨ ਕੇਂਦਰਾਂ ਅਤੇ ਸਾਜ਼ਾਂ ਦਾ ਆਵਿਸ਼ਕਾਰ ਕੀਤਾ। ਫਲਸਰੂਪ ਗੁਰਮਤਿ ਸੰਗੀਤ ਇਕ ਪ੍ਰਫੁੱਲਤ ਸੰਗੀਤ ਪਰੰਪਰਾ ਦੇ ਰੂਪ ਵਜੋਂ ਵਿਦਮਾਨ ਹੈ। ਇਹ ਹੀ ਨਹੀਂ ਗੁਰਮਤਿ ਸੰਗੀਤ ਪਰੰਪਰਾ ਨੂੰ ਪ੍ਰਮਾਣਿਕ ਅਤੇ ਸਥਾਪਿਤ ਰੂਪ ਪ੍ਰਦਾਨ ਕਰਨ ਲਈ ਗੁਰੂ ਸਾਹਿਬਾਨ ਨੇ ਰੋਜ਼ਾਨਾ ਬਾਣੀ ਦੇ ਗਾਇਨ ਨਾਲ ਇਸਨੂੰ ਜੀਵਨ ਦਾ ਅਨਿੱਖੜ ਅੰਗ ਬਣਾਇਆ। ਗੁਰਮਤਿ ਸੰਗੀਤ ਦੇ ਉਪਰੋਕਤ ਵਿਕਾਸ ਤੋਂ ਇਸਦੀ ਵਿਲੱਖਣਤਾ ਤਾਂ ਉਜਾਗਰ ਹੁੰਦੀ ਹੈ, ਨਾਲ ਹੀ ਭਾਰਤੀ ਸੰਗੀਤ ਨੂੰ ਵਿਕਸਿਤ ਕਰਨ ਵਿਚ ਗੁਰੂ ਜੀ ਦਾ ਵੱਡਾ ਯੋਗਦਾਨ ਹੈ।

*-ਅਜੈਪਾਲ ਸਿੰਘ ਚਵਿੰਡਾ*
*ਸਹਾਇਕ ਪ੍ਰੋ. ਸੰਗੀਤ*
*ਬਾਬਾ ਅਜੈ ਸਿੰਘ ਖਾਲਸਾ ਕਾਲਜ*
*ਗੁਰਦਾਸ ਨੰਗਲ, ਗੁਰਦਾਸਪੁਰ*
*ਫੋਨ-9464265464*

# ਸੰਦੇਸ਼ ਵਿਸਾਖੀ ਦਾ



ਪੰਜਾਬੀ ਸਭਿਆਚਾਰ ਵਿਚ ਵਿਸਾਖੀ ਦਾ ਤਿਉਹਾਰ ਖੁਸ਼ੀਆਂ, ਖੇੜੇ ਤੇ ਹੁਲਾਸ ਦਾ ਕੌਮੀ ਤਿਉਹਾਰ ਹੈ। ਕਿਸਾਨ ਦੀ ਛੇ ਮਹੀਨੇ ਦੀ ਕਰੜੀ ਮਿਹਨਤ-ਮੁਸ਼ੱਕਤ ਦੁਆਰਾ ਪੁੱਤਾਂ-ਧੀਆਂ ਵਾਂਗ ਪਾਲੀ ਫਸਲ ਪੱਕਣ ਅਤੇ ਰਿਜ਼ਕ ਘਰ ਆਉਣ ਦੀ ਖੁਸ਼ੀ ਵਿਚ ਮੇਲੇ ਲਗਦੇ ਤੇ ਭੰਗੜੇ ਪੈਂਦੇ ਰਹੇ ਹਨ। ਇਸ ਤਰ੍ਹਾਂ ਸਦੀਆਂ ਤੋਂ ਵਿਸਾਖੀ ਦਾ ਮੇਲਾ ਨੱਚਣ, ਕੁੱਦਣ, ਭੰਗੜੇ ਪਾਉਣ, ਖੁਸ਼ੀਆਂ ਤੇ ਖੇੜੇ ਦਾ ਤਿਉਹਾਰ ਮੰਨਿਆਂ ਜਾਂਦਾ ਰਿਹਾ ਹੈ।

ਪਰ ਸੰਨ 1699 ਦੀ ਵਿਸਾਖੀ ਦਾ ਆਪਣਾ ਨਵਾਂ, ਅਨੋਖਾ ਤੇ ਕ੍ਰਾਂਤੀਕਾਰੀ ਇਤਹਾਸ ਹੈ। ਇਸ ਦਿਨ ਅਨੰਦਪੁਰ ਦੀਆਂ ਉੱਚੀਆਂ ਤੇ ਰਮਣੀਕ ਪਹਾੜੀਆਂ ਵਿਚ, ਕੇਸਗੜ੍ਹ ਦੇ ਸਥਾਨ 'ਤੇ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਕ੍ਰਾਂਤੀਕਾਰੀ ਤੇ ਇਨਕਲਾਬੀ ਸਮਾਜ ਦੀ ਸਿਰਜਣਾ ਕੀਤੀ। ਇੱਕ ਵੱਖਰੀ ਤੇ ਨਿਰਾਲੀ ਕੌਮ ਦਾ ਨਿਰਮਾਣ ਕੀਤਾ ਅਤੇ ਇਸ ਕੌਮ ਨੂੰ 'ਖਾਲਸੇ' ਦਾ ਖਿਤਾਬ ਦਿੱਤਾ। ਇਤਹਾਸ ਵਿਚ ਪਹਿਲੀ ਵਾਰ ਗੁਰੂ ਗੋਬਿੰਦ ਸਿੰਘ ਜੀ ਨੇ ਲਹੂ-ਭਿੱਜੀ ਤਲਵਾਰ ਲਹਿਰਾਈ ਅਤੇ ਜਨ-ਜੀਵਨ ਵਿਚੋਂ ਗੁਲਾਮੀ ਦੀਆਂ ਜ਼ੰਜੀਰਾਂ ਕੱਟਣ ਅਤੇ ਅਣਖ ਤੇ ਆਜ਼ਾਦੀ ਨਾਲ਼ ਰਹਿਣ ਦਾ ਸੰਦੇਸ਼ ਦਿੱਤਾ। ਡਰੂ, ਦੱਬੂ ਤੇ ਕਮਜ਼ੋਰ ਭਾਰਤੀਆਂ ਦਾ ਲਹੂ ਗਰਮ ਕੀਤਾ ਅਤੇ ਸੁਤੰਤਰ ਸੋਚ ਤੇ ਪਰਚੰਡ ਚੇਤਨਾ ਦੀ ਲਹਿਰ ਪੈਦਾ ਕੀਤੀ। ਜ਼ਾਤ-ਪਾਤ, ਊਚ-ਨੀਚ ਤੇ ਵੱਡੇ-ਛੋਟੇ ਦਾ ਵਿਤਕਰਾ ਖਤਮ ਕੀਤਾ। ਇੱਕੋ ਬਾਟੇ ਵਿਚ ਸਰਬੱਤ ਲਈ ਸਰਬ ਸਾਂਝੇ ਅੰਮ੍ਰਿਤ ਦੀ ਦਾਤ ਦਿੱਤੀ, ਸਰਬ ਸਾਂਝੀ ਬਾਣੀ ਤੇ ਬਾਣਾ, ਸਰਬ ਸਾਂਝੀ ਸੰਗਤ, ਪੰਗਤ ਅਤੇ ਸਰਬ ਸਾਂਝੇ ਲੰਗਰ ਦੀ ਲਹਿਰ ਸਥਾਪਤ ਕੀਤੀ। ਸੰਸਾਰ ਵਿਚ ਸਾਂਝੀਵਾਲਤਾ ਦੀ ਸੱਭ ਤੋਂ ਉੱਤਮ ਮਿਸਾਲ। ਸਦੀਆਂ ਤੋਂ ਦੱਬੇ, ਕੁਚਲੇ, ਲਿਤਾੜੇ ਤੇ ਸੂਦਰ ਆਖੇ ਜਾਣ ਵਾਲੇ ਲੋਕ ਕੇਸਰੀ ਝੰਡੇ ਥੱਲੇ ਇਕੱਤਰ ਹੋਏ ਅਤੇ ਉਨ੍ਹਾਂ ਅੰਦਰ ਪਹਿਲੀ ਵਾਰ ਭਰਾਤਰੀ ਭਾਵ ਤੇ ਬਰਾਬਰੀ ਦਾ ਅਤੇ ਇੱਕੋ ਜਿਹੇ ਹੋਣ ਦਾ ਅਹਿਸਾਸ ਪੈਦਾ ਹੋਇਆ। ਪਹਿਲੀ ਵਾਰ ਭਾਰਤੀ ਮਨੁੱਖ ਨੂੰ ਆਪਣੇ ਅੰਦਰ ਬੇਅੰਤ ਸ਼ਕਤੀਆਂ ਦੀ ਹੋਂਦ ਦਾ ਅਤੇ ਨਿੱਡਰ ਤੇ ਨਿਰਭੈ ਹੋਣ ਦਾ ਅਹਿਸਾਸ ਜਾਗਿਆ, ਨਵੀਨ ਜਾਗ੍ਰਿਤੀ ਦਾ ਸੂਰਜ ਉਦੇ ਹੋਇਆ ਅਤੇ ਇਹ ਨਿਮਾਣੇ, ਨਿਤਾਣੇ, ਗੁਰਬਤ ਤੇ ਗੁਲਾਮੀ ਦੇ ਭੰਨੇਲੋਕ ਪਹਿਲੀ ਵਾਰ ਇੱਜ਼ਤਦਾਰਾਂ ਵਾਂਗਪੱਗਾਂ ਬੰਨ੍ਹਣ ਲੱਗੇ, ਸ਼ਸਤਰ ਰੱਖਣ ਲੱਗੇ, ਘੋੜਿਆਂ 'ਤੇ ਚੜ੍ਹਨ ਲੱਗੇ ਅਤੇ ਰਾਜਿਆਂ ਮਹਾਂਰਾਜਿਆਂ ਵਾਂਗ ਸ਼ਿਕਾਰ ਖੇਡਣ ਲੱਗੇ।

ਸਿੱਖੀ ਦਾ ਮੁੱਢਲਾ ਸਿਧਾਂਤ ਹੈ:-

*ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ।*
*ਅਤੇ*
*ਭੈ ਕਾਹੂ ਕਉ ਦੇਤਿ ਨਹਿ, ਨਹਿ ਭੈ ਮਾਨਤ ਆਨ।*
*ਕਹੁ ਨਾਨਕ ਸੁਨਿ ਰੇ ਮਨਾ ਗਿਆਨੀ ਤਾਹਿ ਬਖਾਨਿ।।*

1699 ਦੀ ਵਿਸਾਖੀ ਦਾ ਕ੍ਰਿਸ਼ਮਾ ਹੀ ਸੀ ਕਿ ਕੁਝ ਹੀ ਸਮੇ ਵਿਚ ਦਸਮੇਸ਼ ਪਿਤਾ ਦੇ ਖਾਲਸੇ ਦਾ ਪੂਰੇ ਪੰਜਾਬ ਵਿਚ ਬੋਲਬਾਲਾ ਹੋ ਗਿਆ। ਅਸਧਾਰਨ ਸੂਰਬੀਰਤਾ, ਜੋਸ਼ ਤੇ ਜਜ਼ਬਾ ਅਤੇ ਉੱਚੇ ਆਚਰਣ ਕਰ ਕੇ ਖਾਲਸਾ ਪੰਜਾਬੀਆਂ ਦੀ ਆਣ, ਅਣਖ ਤੇ ਇੱਜ਼ਤ ਦਾ ਆਦਰਸ਼ਕ ਪਹਿਰੇਦਾਰ ਬਣ ਗਿਆ। ਦੇਸ਼ ਦੀਆਂ ਹੱਦਾਂ-ਸਰਹੱਦਾਂ ਤੋਂ ਪਾਰ ਖਾਲਸੇ ਦੇ ਘੋੜਿਆਂ ਦੀਆਂ ਦੌੜਾਂ ਹੋਣ ਲੱਗੀਆਂ। ਇਸ ਦੀ ਖੜਗ-ਭੁਜਾ ਤੋਂ ਜਰਵਾਣੇ ਭੈਅ ਖਾਣ ਲੱਗੇ।

ਫਿਰ ਗੁਰੂ ਗੋਬਿੰਦ ਸਿੰਘ ਜੀ ਦੇ 1708 ਵਿਚ ਜੋਤੀ ਜੋਤ ਸਮਾਉਣ ਪਿਛੋਂ ਬੰਦਾ ਸਿੰਘ ਬਹਾਦਰ ਨਾਲ਼ ਸਿੱਖ-ਸ਼ਕਤੀ ਵਿਚ ਇੱਕ ਹੋਰ ਅਧਿਆਇ ਜੁੜਦਾ ਹੈ। ਬੰਦਾ ਸਿੰਘ ਬਹਾਦਰ ਦੀ ਸੂਰਬੀਰਤਾ ਨੇ ਵਕਤ ਦੇ ਜਰਵਾਣਿਆਂ ਵਿਚ ਤਰਥੱਲੀ ਮਚਾ ਦਿੱਤੀ। ਪੰਜਾਬ ਦੇ ਇਤਹਾਸ ਵਿਚ ਪਹਿਲੀ ਵਾਰ ਜਾਗੀਰਦਾਰੀ ਸਿਸਟਮ ਖਤਮ ਕਰ ਕੇ ਕਿਰਤੀ-ਕਿਸਾਨ ਨੂੰ ਭੋਏਂ ਦੀ ਮਾਲਕੀ ਦੇ ਹੱਕ ਬਹਾਲ ਕੀਤੇ। ਪੰਜਾਬ ਵਿਚ ਇਸ ਕਿਸਮ ਦੀ ਇਹ ਪਹਿਲੀ ਇਨਕਲਾਬੀ ਤਬਦੀਲੀ ਸੀ।



ਪੂਰਨ ਸਿੰਘ ਪਾਂਧੀ, ਟੋਰਾਂਟੋ, ਕਨੇਡਾ

ਪਰ ਬੰਦਾ ਸਿੰਘ ਬਹਾਦਰ ਦੀ 1716 ਵਿਚ ਖੌਫਨਾਕ ਸ਼ਹਾਦਤ ਪਿੱਛੋਂ ਸਿੱਖ ਕੌਮ 'ਤੇ ਮੁਸੀਬਤਾਂ ਦੇ ਪਹਾੜ ਟੁੱਟ ਪਏ। ਇਸ ਤਰ੍ਹਾਂ ਅਠਾਰਵੀਂ ਸਦੀ ਸਿੱਖਾਂ ਦੀ ਲਹੂ ਭਿੱਜੀ ਦਾਸਤਾਨ ਬਣ ਗਈ। ਚੁਣ ਚੁਣ ਕੇ ਸਿੱਖ ਮਾਰੇ ਜਾਣ ਲੱਗੇ, ਸਿੱਖਾਂ ਦੇ ਸਿਰਾਂ ਦੇ ਮੁੱਲ ਪਏ, ਸਿੱਖ ਕੌਮ ਦੇ ਵੱਡੇ 'ਘੱਲੂਘਾਰੇ' ਵੀ ਇਸੇ ਸਦੀ ਵਿਚ ਵਾਪਰੇ। ਘਰ ਘਾਟ ਤਬਾਹ ਹੋ ਗਏ, ਕੌਮ ਦੇ ਮਰਜੀਵੜਿਆਂ ਦਾ ਜੰਗਲਾਂ-ਪਹਾੜਾਂ ਵਿਚ ਵਾਸਾ ਹੋ ਗਿਆ। ਪਰ ਫਿਰ ਵੀ ਦਸਮੇਸ਼ ਪਿਤਾ ਦੇ ਖਾਲਸੇ ਦੇ ਸਵੈ-ਮਾਨ, ਅਣਖ ਤੇ ਸਿੱਖੀ-ਸਪਿਰਟ ਦੀ ਜੋਤ ਲਟ ਲਟ ਬਲਦੀ ਰਹੀ। ਭਿਆਨਕ ਦੁੱਖਾਂ, ਮੁਸੀਬਤਾਂ ਤੇ ਤਬਾਹੀ ਵਿਚ ਵੀ ਸਿੱਖ ਚੜ੍ਹਦੀ-ਕਲਾ ਵਿਚ ਰਹੇ ਅਤੇ ਸਿੱਖਾਂ ਦੇ ਕੇਸਰੀ ਨਿਸ਼ਾਨ ਆਨ, ਸ਼ਾਨ ਤੇ ਮਾਣ ਨਾਲ਼ ਝੂਲਦੇ ਰਹੇ। ਇਸੇ ਸਦੀ ਵਿਚ ਸਿੱਖ ਮਿਸਲਾਂ ਬਣੀਆਂ ਅਤੇ ਖਾਲਸਾ ਰਾਜ ਦੀ ਸਥਾਪਤੀ ਹੋਈ। ਮਹਾਂਰਾਜਾ ਰਣਜੀਤ ਸਿੰਘ ਦੇ ਰਾਜ ਵਿਚ ਸ਼ੇਰ ਤੇ ਬੱਕਰੀ ਇੱਕੋ ਘਾਟ ਵਿਚ, ਇੱਕੋ ਥਾਂ ਪਾਣੀ ਪੀਣ ਲੱਗੇ। ਪਰ ਕਈ ਤਰ੍ਹਾਂ ਦੀਆਂ ਘਾਟਾਂ-ਤੋਟਾਂ ਦੇ ਕਾਰਣ ਸਿੱਖ ਰਾਜ ਬਹੁਤੀ ਦੇਰ ਕਾਇਮ ਨਾ ਰਹਿ ਸਕਿਆ। ਪਰ ਫਿਰ ਵੀ ਸ੍ਰੀ ਅਕਾਲ ਤਖਤ ਦੀ ਭੈ-ਭਾਵਨਾ ਵਿਚ ਸਿੱਖ-ਸ਼ਕਤੀ ਇਕੱਤਰ ਹੁੰਦੀ ਰਹੀ। ਪੰਥ ਅਕਾਲ ਤਖਤ ਦੀ ਤਾਬਿਆ ਵਿਚ ਜੁੜਦਾ ਰਿਹਾ, ਇਸੇ ਅਧੀਨ ਰਾਜਨੀਤਕ ਤੇ ਧਾਰਮਿਕ ਫੈਸਲੇ ਹੁੰਦੇ ਰਹੇ। ਸਿੱਖ-ਫੁਲਵਾੜੀ ਟਹਿਕਦੀ ਮਹਿਕਦੀ ਰਹੀ।

ਸਿੱਖ-ਚੇਤਨਾ ਦੇ ਅਰੰਭ ਤੋਂ ਅੱਜ ਤੱਕ ਸਿੱਖ ਕੌਮ ਵਿਚ ਬਹੁਤ ਉਤਰਾਅ-ਚੜ੍ਹਾਅ ਆਏ ਹਨ। ਸੰਸਾਰ ਵਿਚ ਸਿੱਖ-ਸਭਿਆਚਾਰ ਦੀ ਵੱਖਰੀ ਤੇ ਨਵੇਕਲੀ ਪਹਿਚਾਣ ਸਥਾਪਤ ਹੋਈ ਹੈ। ਸਿੱਖਾਂ ਨੇ ਖੇਤੀ ਤੇ ਖੇਡਾਂ ਆਦਿ ਵਿਚ ਮਾਨਯੋਗ ਪ੍ਰਾਪਤੀਆਂ ਕੀਤੀਆਂ ਹਨ। ਸਿੱਖ ਗੁਰਦੁਆਰਿਆਂ ਦੀ ਮਹਿਮਾ ਤੇ ਮਹਾਨਤਾ ਦੇ ਨਗਾਰੇ ਗੂੰਜਦੇ ਹਨ। ਸਿੱਖ-ਲੰਗਰਾਂ ਦੀ ਮਹਾਨਤਾ ਦੁਨੀਆਂ ਭਰ ਵਿਚ ਸਰਬੋ-ਤਮ ਹੈ। ਇਹ ਸਿੱਖਾਂ ਨੂੰ ਹੀ ਮਾਣ ਜਾਂਦਾ ਹੈ ਕਿ ਉਨ੍ਹਾਂ ਦੇ ਕੇਸਰੀ ਨਿਸ਼ਾਨ ਦੁਨੀਆਂ ਵਿਚ ਸੌ-ਸੌ ਫੁੱਟ ਉੱਚੇ ਝੂਲ ਰਹੇ ਹਨ।

ਫਰ ਇਸ ਤੋਂ ਬਿਨਾ ਹਾਲਾਤ ਤੇ ਹਕੀਕਤਾਂ ਕੁਝ ਹੋਰ ਵੀ ਹਨ। ਵਿਸ਼ਵ ਪੱਧਰ 'ਤੇ ਨਜ਼ਰ ਮਾਰੀਏ ਤਾਂ ਪਤਾ ਚਲਦਾ ਹੈ ਕਿ ਸਿੱਖ ਕੌਮ ਦੀਆਂ ਅਦੁੱਤੀ ਤੇ ਲਾਸਾਨੀ ਸ਼ਹੀਦੀਆਂ, ਬੇ-ਮਿਸਾਲ ਕੁਰਬਾਨੀਆਂ ਅਤੇ ਦੁੱਖਾਂ-ਮੁਸੀਬਤਾਂ ਦੀ ਲਹੂ-ਭਿੱਜੀ ਦਾਸਤਾਨ ਬਹੁਤ ਲੰਮੀ ਹੈ ਪਰ ਸੰਸਾਰ ਦੀਆਂ ਤਰੱਕੀ ਕਰਦੀਆਂ ਤੇ ਅਗਾਂਹਵਧੂ ਕੌਮਾਂ ਦੇ ਮੁਕਾਬਲੇ ਸਿੱਖਾਂ ਦੀਆਂ ਪ੍ਰਾਪਤੀਆਂ ਨਾਂਹ ਦੇ ਬਰਾਬਰ ਹਨ। ਦੂਜੇ ਪਾਸੇ ਸਿੱਖ ਭਾਵੇਂ ਵਿਸ਼ਵ ਭਰ ਵਿਚ ਫੈਲੇ ਹੋਏ ਹਨ ਅਤੇ ਸੁਖੀ ਤੇ ਖੁਸ਼ਹਾਲ ਜੀਵਨ ਜੀ ਰਹੇ ਹਨ ਪਰ ਉਨ੍ਹਾਂ ਦੀਆਂ ਜੜ੍ਹਾਂ ਪੰਜਾਬ ਨਾਲ, ਪੰਜਾਬ ਦੀ ਮਿੱਟੀ ਦੇ ਕਣ ਕਣ ਨਾਲ, ਲੋਕਾਂ ਦੇ ਮਿੱਠੇ, ਨਿੱਘੇ, ਮੋਹ ਦੀਆਂ ਰੇਸ਼ਮੀ ਤੰਦਾਂ ਦੇ ਨਾਲ ਜੁੜੀਆਂ ਹੋਈਆਂ ਹਨ। ਇਸ ਲਈ ਪੰਜਾਬ ਦੀ ਖੁਸ਼ਹਾਲੀ ਜਾਂ ਬਦਹਾਲੀ ਦੀ ਹਰ ਖਬਰ ਬਾਹਰ ਬੈਠੇ ਪੰਜਾਬੀਆਂ ਨੂੰ ਗਹਿਰਾ ਪ੍ਰਭਾਵਿਤ ਕਰਦੀ ਹੈ। ਅੱਜ ਪੰਜਾਬ ਵਾਸੀ ਜਿਸ ਮੰਦਭਾਗੇ ਦੌਰ ਵਿਚੋਂ ਲੰਘ ਰਹੇ ਹਨ, ਉਸ ਦਾ ਬਾਹਰ ਬੈਠੇ ਪੰਜਾਬੀਆਂ ਨੂੰ ਫਿਕਰ ਵੱਢ ਵੱਢ ਖਾ ਰਿਹਾ ਹੈ। ਕੁਝ ਗੱਲਾਂ ਦੀਰਘ ਦ੍ਰਿਸ਼ਟੀ ਦੁਆਰਾ ਵਿਚਾਰਨ ਯੋਗ ਹਨ:-

ਦੇਖਦਿਆਂ ਹੀ ਦੇਖਦਿਆਂ ਪਿਛਲੇ ਕੁਝ ਹੀ ਸਾਲਾਂ ਵਿਚ ਪੰਜਾਬ ਦੀ ਆਭਾ ਤੇ ਚਮਕ-ਦਮਕ ਫਿੱਕੀ ਤੇ ਨੀਰਸ ਕਿਓਂ ਹੋ ਗਈ? ਇਸ ਦਾ ਹਵਾ-ਪਾਣੀ ਤੇ ਖਾਧ-ਖੁਰਾਕ ਕਿਓਂ ਪਲੀਤ ਹੋ ਗਏ? ਇਸ ਦੀ ਜਵਾਨੀ ਦੀਆਂ ਕੂਲੀਆਂ ਤੇ ਕੋਮਲ ਲਗ਼ਰਾਂ ਦਾ ਸੁਹੱਪਣ ਤੇ ਸੁੰਦਰਤਾ ਕਿਉਂ ਮੁਰਝਾਅ ਗਈ? ਜਾਪਦੈ ਕੋਈ ਦੁਸ਼ਮਣ ਇਸ ਦੀਆਂ ਰਗਾਂ ਦਾ ਖੂੰਨ ਪੀ ਗਿਆ ਹੈ ਅਤੇ ਜੁਆਨੀ ਦੀ ਲਹਿ-ਲਹਾਉਂਦੀ ਹਰੀ ਭਰੀ ਖੇਤੀ ਚਰ ਗਿਆ ਹੈ।

ਹੁਣ ਕਿਸਾਨਾਂ ਦੇ ਪਿੜਾਂ ਵਿਚ ਪਹਿਲਾਂ ਵਾਂਗ ਫਲ੍ਹੇ ਨਹੀਂ ਪੈਂਦੇ, ਅਨਾਜ ਦੇ ਬੋਹਲ਼ ਨਹੀਂ ਲਗਦੇ, ਤੂੜੀ ਦੀਆਂ ਧੜਾਂ ਨਹੀਂ ਲਗਦੀਆਂ, ਬੁਖ਼ਾਰੀਆਂ ਨਹੀਂ ਭਰੀਂਦੀਆਂ, ਕਿਉਂਕਿ ਹੁਣ ਲਹੂ-ਪਸੀਨੇ ਦੀ ਕਿਰਤ ਕਮਾਈ ਬਾਹਰੋ ਬਾਹਰ ਮੰਡੀਆਂ ਦੀ ਭੇਟ ਚੜ੍ਹ ਜਾਂਦੀ ਹੈ। ਇਸੇ ਕਾਰਨ ਪਹਿਲਾਂ ਵਾਲ਼ਾ ਪੰਜਾਬੀ ਸਮਾਜ ਵਿਚ ਰੂਹ ਦਾ ਰੱਜ, ਅਲਬੇਲਾ-ਪਨ ਤੇ ਬੇ-ਪਰਵਾਹੀ ਦਿਖਾਈ ਨਹੀਂ ਦਿੰਦੀ।

ਕਿਰਤ ਸਭਿਅਚਾਰ ਦੀਜੜ੍ਹ ਨਾਲੋਂ ਟੁਟੇ, ਥੱਕੇ, ਉਦਾਸੇ ਤੇ ਕਰਜੇ ਦੇ ਮਾਰੇ ਲੋਕ ਹਨ। ਨਿੱਤ ਖੁਦਕੁਸ਼ੀਆਂ ਹੁੰਦੀਆਂ, ਨਿੱਤ ਸਿਵੇ ਬਲ਼ਦੇ ਤੇ ਵੈਣ ਪੈਂਦੇ ਹਨ। ਇਸੇ ਕਾਰਣ ਹੁਣ ਤਰਿੰਜਣਾ ਤੇ ਤੀਆਂ ਵਿਚ ਗਿੱਧੇ ਨਹੀਂ ਪੈਂਦੇ, ਚਰਖੇ ਦੇ ਤੱਕਲੇ ਦੀ ਤੰਦ ਜਿੱਡੇ ਗੀਤਾਂ ਦੀਆਂ ਹੇਕਾਂ ਨਹੀਂ ਲੱਗਦੀਆਂ ਤੇ ਭੰਗੜੇ ਨਹੀਂ ਪੈਂਦੇ।

ਵੱਡੇ ਖਰਚ ਕਰ ਕੇ ਪਿੰਡ-ਪਿੰਡ ਸਟੇਡੀਅਮ ਤਾਂ ਬਣੇ ਦਿਖਾਈ ਦਿੰਦੇ ਹਨ ਪਰ ਖਿਡਾਰੀ ਗਾਇਬ ਹਨ, ਪਰਬਤਾਂ ਨਾਲ਼ ਖਹਿੰਦੀ ਤੇ ਜਾਬਰਾਂ-ਜਰਵਾਣਿਆਂ ਨਾਲ਼ ਜੂਝਣ ਵਾਲੀ ਅਲਬੇਲੀ ਜੁਆਨੀ ਗਾਇਬ ਹੈ। ਹੁਣ ਬਿਮਾਰੀਆਂ, ਥੁੜਾਂ ਤੇ ਝੋਰਿਆਂ ਦੇ ਮਾਰੇ ਤੇ ਨਸ਼ਿਆਂ ਦੇ ਭੰਨੇ ਲੋਕਾਂ ਦਾ ਪੰਜਾਬ ਹੈ।

ਭਾਈਚਾਰਕ ਸਾਂਝਾਂ ਨੂੰ ਪਤਾ ਨਹੀਂ ਕਿਸ ਦੀ ਨਜ਼ਰ ਲੱਗ ਗਈ, ਕੌਣ ਸਰਾਪ ਦੇ ਦਿਆ? ਮੋਹ ਪਿਆਰ ਦੀਆਂ ਰੇਸ਼ਮੀ ਤੰਦਾਂ, ਦਰਿਆ ਦਿਲ ਤੇ ਮੁਹੱਬਤੀ ਲੋਕ ਪਤਾ ਨਹੀਂ ਕਿੱਧਰ ਗੁੰਮ-ਗੁਆਚ ਗਏ। ਵਿਆਹਾਂ-ਸ਼ਾਦੀਆਂ, ਮਰਨੇ-ਪਰਨੇ ਅਤੇ ਗਲ਼ੀ-ਗੁਆਂਢ ਵਿਚ ਪਹਿਲਾਂ ਵਰਗੀ ਸਾਂਝ, ਸਹਿਯੋਗ ਤੇ ਸੇਵਾ ਦੀ ਸੁੱਚੀਭਾਵਨਾ ਪਤਾ ਨਹੀਂ ਕਿਥੇ ਅਲੋਪ ਹੋ ਗਈ। ਜਾਪਦੈ 'ਮੈਰਜ ਪੈਲਸ ਕਲਚਰ' ਸਭ ਕੁਝ ਨਿਗਲ ਗਿਆ ਹੈ।

ਪੰਜਾਬੀ ਸਭਿਅਚਾਰ ਵਿਚ ਵਿਸਾਖੀ ਕ੍ਰਾਂਤੀਕਾਰੀ ਤੇ ਇਨਕਲਾਬੀ ਚੇਤਨਾ ਦੀ ਪ੍ਰਤੀਕ ਹੈ, ਵੱਡੇ ਪਰਿਵਰਤਨ ਤੇ ਤਬਦੀਲੀਆਂ ਦੀ ਸੂਚਕ ਹੈ। ਆਓ, 2022 ਦੀ ਕ੍ਰਾਂਤੀਕਾਰੀ ਵਿਸਾਖੀ 'ਤੇ ਆਤਮ ਚਿੰਤਨ ਕਰੀਏ ਅਤੇ ਰਲ ਮਿਲ ਕੇ ਰੁੜ੍ਹਦੇ ਜਾਂਦੇ ਪੰਜਾਬ ਨੂੰ ਬਚਾਉਣ ਦੇ ਉਪਰਾਲੇ ਕਰੀਏ, ਇਸ ਦੇ ਅਸਲ ਦੁਸ਼ਮਣ ਦੀ ਪਹਿਚਾਣ ਕਰੀਏ। ਇਸ ਦੀਆਂ ਕੂਲੀਆਂ, ਕੋਮਲ ਤੇ ਹੁਸੀਨ ਲਗਰਾਂ,ਜੁਆਨੀ ਦੀ ਸੰਭਾਲ ਕਰੀਏ,ਇਸ ਨੂੰ ਨਸ਼ੇੜੀਆਂ ਤੇ ਖੁਦਕੁਸ਼ੀਆਂ ਦੇ ਕਲੰਕ ਤੋਂ ਬਚਾਈਏ। ਯਤਨ ਕਰੀਏ ਕਿ ਇਸ ਦੀ ਸੂਰਬੀਰ ਅਣਖੀ ਜੋਧਿਆਂ ਵਾਲੀ, ਲਿਖਾਰੀਆਂ, ਖਿਡਾਰੀਆਂ ਤੇ ਪਰਉਪਕਾਰੀਆਂ ਵਾਲੀ ਵਿਰਾਇਤੀ ਅਣਖ ਤੇ ਆਨ, ਸ਼ਾਨ, ਜੋਸ. ਤੇ ਜਜ਼ਬਾ ਪਹਿਲਾਂ ਵਾਂਗ ਸਲਾਮਤ ਤੇ ਸਦੀਵੀ ਰਹਿ ਸਕੇ।

## ਮਿੰਨੀ ਕਹਾਣੀ

# ਸਨੇਹ ਦਾ ਪੁਲ

''ਕੱਲ੍ਹ ਪਾਪਾ ਨੇ ਮੈਨੂੰ ਦੱਸਿਆ ਕਿ ਪ੍ਰੀਆ ਭਾਬੀ ਪੇਕੇ ਜਾ ਰਹੀ ਹੈ। ਉਨ੍ਹਾਂ ਨੂੰ ਵੀ ਅੱਜ ਹੀ ਜਾਣਾ ਹੈ?'' ਚਿੜ੍ਹਦੇ ਹੋਏ ਦਿਵਿਆ ਨੇ ਆਪਣੀ ਮਾਂ ਨੂੰ ਪੁੱਛਿਆ। ਦਿਵਿਆ ਪੁਣੇ ਰਹਿੰਦੀ ਹੈ।


''ਹਾਂ, ਪੁੱਤ ਅਜੇ ਉਸ ਦੀਆਂ ਛੁੱਟੀਆਂ ਹਨ, ਦਸ ਦਿਨ ਦੀਆਂ। ਉਸ ਦੇ ਬਾਅਦ ਉਸ ਦੀਆਂ ਵੀ ਕਲਾਸਾਂ ਸ਼ੁਰੂ ਹੋ ਜਾਣਗੀਆਂ, ਪਰ ਉਸ ਦੇ ਜਾਣ ਉਤੇ ਤੂੰ ਕਿਉਂ ਪ੍ਰੇਸ਼ਾਨ ਹੋਈ ਏਂ? ਕਿੰਨੇ ਦਿਨਾਂ ਤੋਂ ਤੇਰੇ ਪਾਪਾ ਵੀ ਤੇਰੇ ਆਉਣ ਦੀ ਉਡੀਕ ਕਰ ਰਹੇ ਹਨ, ਫਿਰ ਤੂੰ ਵੀ ਆਪਣੇ ਸਕੂਲ ਵਿੱਚ ਬਿਜ਼ੀ ਹੋ ਜਾਏਂਗੀ।''

''ਮਾਂ, ਇਸ ਲਈ ਤਾਂ ਅੱਜ ਆਉਣ ਦੀ ਸੋਚ ਰਹੀ ਸੀ, ਪਰ ਭਾਬੀ ਨਹੀਂ ਹੋਵੇਗੀ ਤਾਂ ਕੰਮ ਕੌਣ ਕਰੇਗਾ?''

''ਕੀ ਕਹਿ ਰਹੀ ਏਂ ਤੂੰ? ਕੁਝ ਸਮਝ ਨਹੀਂ ਆ ਰਿਹਾ।''

''ਓ ਮਾਂ, ਭਾਬੀ ਦੇ ਹੋਣ ਉੱਤੇ ਜੋ ਸੇਵਾ ਹੁੰਦੀ ਹੈ ਉਹ ਉਨ੍ਹਾਂ ਦੇ ਨਾ ਹੋਣ ਉੱਤੇ ਕਿਵੇਂ ਹੋਵੇਗੀ?''

''ਦਿਵਿਆ, ਇਹ ਸੋਚ ਨਾ ਰੱਖ ਬੇਟਾ। ਅੱਜ ਪ੍ਰੀਆ ਤੇਰੀ ਸੇਵਾ ਕਰ ਦੇਵੇਗੀ, ਪਰ ਸਾਡੇ ਨਾ ਹੋਣ ਉੱਤੇਤੂੰ ਵੀ ਇਸ



ਘਰ ਵਿੱਚ ਬੁਲਾਉਣਾ ਪਸੰਦ ਨਹੀਂ ਕਰੇਗੀ। ਭਾਬੀ ਤੋਂ ਸੇਵਾ ਨਹੀਂ, ਸਾਥ ਦੀ ਸੋਚ ਰੱਖਣਾ ਬੇਟਾ। ਹਰ ਭਰਾ ਵੀ ਇਹ ਸਭ ਦੇਖਦਾ ਹੈ ਅਤੇ ਸਮਝਦਾ ਹੈ, ਹਾਂ, ਕੁਝ ਕਹਿੰਦਾ ਨਹੀਂ ਹੈ।''

''ਬਾਅਦ ਵਿੱਚ ਉਹ ਆਪਣੀ ਪਤਨੀ ਅੱਗੇ ਨਹੀਂ ਬੋਲ ਸਕੇਗਾ। ਭੈਣ ਉਹੀ ਚੰਗੀ ਲੱਗਦੀ ਹੈ, ਜੋ ਪੇਕੇ ਨੂੰ ਆਪਣਾ ਘਰ ਸਮਝੇ, ਮਹਿਮਾਨਨਵਾਜ਼ੀ ਦੀ ਜਗ੍ਹਾ ਨਹੀਂ। ਭਾਬੀ ਵਾਲਾਂ ਵਿੱਚ ਤੇਲ ਅਤੇ ਹੱਥਾਂ ਵਿੱਚ ਮਹਿੰਦੀ ਤਾਂ ਲਾ ਦੇਵੇਗੀ, ਪਰ ਅਸੀਂ ਉਸ ਦੇ ਲਈ ਕੀ ਕਰ ਰਹੇ ਹਾਂ? ਇਸ ਦੀ ਸਮਝ ਵੀ ਉਸ ਨੂੰ ਹੁੰਦੀ ਹੈ। ਅੱਜ ਤੇਰੇ ਮਾਮਾ-ਮਾਮੀ ਮੈਨੂੰ ਘਰ ਆਉਣ ਲਈ ਕਹਿੰਦੇ ਹੀ ਨਹੀਂ, ਪਿਛਲੇ ਸਾਲ ਮੈਂ ਕਿਹਾ ਕਿ ਮੈਂ ਕੋਲਕਾਤਾ ਆਉਣਾ ਚਾਹੁੰਦੀ ਹਾਂ ਤਾਂ ਮਾਮੀ ਨੇ ਕਿਹਾ ਕਿ ਅਜੇ ਮੈਂ ਪੇਕੇ ਰਹੀ ਹਾਂ। ਜਦ ਮੈਂ ਆ ਜਾਵਾਂਗੀ ਤਾਂ ਤੁਸੀਂ ਆ ਜਾਣਾ। ਉਸ ਗੱਲ ਨੂੰ ਇੱਕ ਸਾਲ ਬੀਤ ਗਿਆ ਉਨ੍ਹਾਂ ਵੱਲੋਂ ਫੋਨ ਆਉਣੇ ਹੀ ਘੱਟ ਹੋ ਚੁੱਕੇ ਹਨ। ਜੋ ਗਲਤੀ ਮੈਂ ਕੀਤੀ, ਉਸ ਨੂੰ ਤੂੰ ਨਾ ਦੁਹਰਾਈਂ ਬੇਟਾ।''

ਮਾਂ-ਧੀ ਗੱਲ ਪੂਰੀ ਵੀ ਨਹੀਂ ਹੋਈ ਸੀ ਕਿ ਦਿਵਿਆ ਨੇ ਦੇਖਿਆ, ਪ੍ਰੀਆ ਦਾ ਫੋਨ ਆ ਰਿਹਾ ਹੈ। ਉਸ ਨੂੰ ਦੇਖ ਕੇ ਦਿਵਿਆ ਨੇ ਮਾਂ ਨੂੰ ਕਿਹਾ, ''ਕੋਈ ਫੋਨ ਆ ਰਿਹਾ ਹੈ, ਮੈਂ ਤੁਹਾਨੂੰ ਬਾਅਦ ਵਿੱਚ ਫੋਨ ਕਰਦੀ ਹਾਂ।''

''ਦੀਦੀ, ਤੁਸੀਂ ਇੰਦੌਰ ਆ ਰਹੇ ਹੋ?'' ਪ੍ਰੀਆ ਨੇ ਪੁੱਛਿਆ।

''ਹਾਂ! ਕਿਉਂ ਕੀ ਹੋਇਆ?''

''ਦੀਦੀ, ਮੈਂ ਵੀ ਪੇਕੇ ਜਾ ਰਹੀ ਸੀ ਤਾਂ ਕੀ ਮੈਂ ਆਪਣਾ ਟਿਕਟ ਕੈਂਸਲ ਕਰਵਾ ਲਵਾਂ?''

''ਬਿਲਕੁਲ ਨਹੀਂ! ਤੈਨੂੰ ਵੀ ਤਾਂ ਇਹੀ ਸਮਾਂ ਮਿਲਿਆ ਹੈ ਮਾਂ ਕੋਲ ਜਾਣ ਦਾ। ਤੂੰ ਆਰਾਮ ਨਾਲ ਜਾ! ਅਸੀਂ ਦੋਵੇਂ ਨਹੀਂ ਮਿਲ ਸਕਾਂਗੇ, ਬੱਸ ਬਾਕੀ ਕੋਈ ਦਿੱਕਤ ਨਹੀਂ ਹੈ।''

''ਦੀਦੀ, ਮੈਂ ਤੁਹਾਡੇ ਜਾਣ ਤੋਂ ਦੋ ਦਿਨ ਪਹਿਲਾਂ ਆ ਜਾਵਾਂਗੀ। ਮੈਨੂੰ ਵੀ ਤੁਹਾਡੇ ਨਾਲ ਰਹਿਣਾ ਹੈ।'' ਪ੍ਰੀਆ ਨੇ ਕਿਹਾ।

''ਹਾਂ, ਪ੍ਰੀਆ ਇਹ ਤਾਂ ਬਹੁਤ ਚੰਗਾ ਹੋਵੇਗਾ, ਦੋ ਦਿਨ ਅਸੀਂ ਇਕੱਠੇ ਰਹਿ ਲਵਾਂਗੇ।''

ਹਿੰਦੇ ਹੋਏ ਦਿਵਿਆ ਨੂੰ ਲੱਗਾ ਕਿ ਉਸ ਨੇ ਆਪਣੀ ਭਰਜਾਈ ਦੇ ਨਾਲ ਸਨੇਹ ਅਤੇ ਤਾਲਮੇਲ ਦਾ ਪੁਲ ਬਣਾਉਣ ਦੀ ਸ਼ੁਰੂਆਤ ਕਰ ਦਿੱਤੀ ਹੈ।

*-ਸੀਮਾ ਜੈਨ*

## ਬਿਊਟੀ ਟਿਪਸ: ਟੈਨਿੰਗ ਤੋਂ ਪ੍ਰੇਸ਼ਾਨ ਹੋ ਤਾਂ ਕਰੋ ਸੰਤਰੇ ਦਾ ਇਸਤੇਮਾਲ

ਸਕਿਨ ਟੈਨ ਹੋਣਾ ਅੱਜਕੱਲ੍ਹ ਆਮ ਗੱਲ ਹੈ। ਬਹੁਤ ਜ਼ਿਆਦਾ ਧੁੱਪ ਵਿੱਚ ਘੁੰਮਣਾ ਜਾਂ ਸੂਰਜ ਦੀਆਂ ਹਾਨੀਕਾਰਕ ਅਲਟਰ ਵਇਲੈਟ ਕਿਰਨਾਂ ਨਾਲ ਸਕਿਨ ਦੀ ਟੈਨਿੰਗ ਹੋਣਾ ਯਾਨੀ ਸਕਿਨ ਦਾ ਰੰਗ ਕਾਲਾ ਪੈਣ ਆਮ ਹੈ। ਮਾਹਰਾਂ ਦੀ ਮੰਨਣਾ ਹੈ ਕਿ ਸੰਤਰੇ ਦੇ ਇਸਤੇਮਾਲ ਨਾਲ ਟੈਨਿੰਗ ਨੂੰ ਘੱਟ ਕੀਤਾ ਜਾ ਸਕਦਾ ਹੈ ਅਤੇ ਇਸ ਨਾਲ ਸਕਿਨ ਦਾ ਰੰਗ ਸਾਫ ਹੁੰਦਾ ਹੈ। ਟੈਨਿੰਗ ਤੋਂ ਛੁਟਕਾਰਾ ਪਾਉਣ ਲਈ ਇੱਕ ਵੱਡਾ ਚਮਚ ਚਮਚ ਸੰਤਰੇ ਦੇ ਛਿਲਕੇ ਦਾ ਪਾਊਡਰ, ਇੱਕ ਚੁਟਕੀ ਹਲਦੀ, ਕੈਲੇਮਾਈਨ ਪਾਊਡਰ ਜਾਂ ਚੰਦਨ ਪਾਊਡਰ ਅਤੇ ਸ਼ਹਿਦ ਦੀਆਂ



ਕੁਝ ਬੂੰਦਾਂ ਮਿਲਾ ਕੇ ਪੇਸਟ ਬਣਾ ਲਓ। ਇਸ ਨੂੰ ਚਿਹਰੇ ਉੱਤੇ ਲਗਾ ਕੇ ਹਲਕੇ ਹੱਥਾਂ ਨਾਲ ਇੱਕ ਮਿੰਟ ਮਲੋ ਅਤੇ ਇਸ ਨੂੰ ਪੰਜ ਮਿੰਟ ਤੱਕ ਲੱਗਾ ਰਹਿਣ ਦਿਓ, ਫਿਰ ਇਸ ਨੂੰ ਪਣੀ ਨਾਲ ਧੋ ਲਓ।

ਸੰਤਰੇ ਦੇ ਰਸ ਵਿੱਚ ਸਾਈਟ੍ਰਿਕ ਐਸਿਡ ਹੁੰਦਾ ਹੈ, ਜੋ ਕੁਦਰਤੀ ਰੂਪ ਤੋਂ ਬਲੀਚਿੰਗ ਦਾ ਕੰਮ ਕਰਦਾ ਹੈ। ਜੇ ਤੁਸੀਂ ਚਾਹੋ ਤਾਂ ਸੰਤਰੇ ਦੇ ਜੂਸ ਨੂੰ ਆਈਸ ਟ੍ਰੇਅ ਵਿੱਚ ਫਰੀਜ ਕਰ ਸਕਦੇ ਹੋ ਅਤੇ ਬਾਅਦ ਵਿੱਚ ਫਰੈਸ਼ ਲੁਕ ਦੇ ਲਈ ਇਸ ਨੂੰ ਚਿਹਰੇ ਉੱਤੇ ਲਾ ਸਕਦੇ ਹੋ। ਤੁਸੀਂ ਸੰਤਰੇ ਦਾ ਗੁੱਦਾ ਵੀ ਚਿਹਰੇ ਉੱਤੇ ਮਲ ਸਕਦੇ ਹੋ। ਟੈਨਿੰਗ ਦੇ ਅਸਰ ਨੂੰ ਘੱਟ ਕਰਨ ਲਈ ਅਜਿਹਾ ਨਿਯਮਿਤ ਰੂਪ ਨਾਲ ਕਰੋ। ਸੰਤਰੇ ਨਾਲ ਤਿਆਰ ਕੀਤੇ ਬਿਊਟੀ ਪ੍ਰੋਡਕਸ ਦਾ ਇਸਤੇਮਾਲ ਕਰੋ। ਸੰਤਰੇ ਦੇ ਛਿਲਕੇ ਵਿੱਚ ਵਿਟ-ਾਮਿਨ ਸੀ ਅਤੇ ਐਂਟੀ ਆਕਸੀਡੈਂਟ ਮੌਜੂਦ ਹੁੰਦਾ ਹੈ। ਇਹ ਕੁਦਰਤੀ ਕਲੀਂਜਰ ਦਾ ਕੰਮ ਕਰਦਾ ਹੈ, ਜਦ ਕਿ ਸ਼ਹਿਦ ਸਕਿਨ ਵਿੱਚ ਨਿਖਾਰ ਲਿਆਉਂਦਾ ਹੈ।

# ਬਹਿਬਲ ਕਲਾਂ ਦੇ ਸ਼ਹੀਦਾਂ ਸਣੇ ਸੱਤ ਹਸਤੀਆਂ ਦੇ ਫੋਟੋ ਕੇਂਦਰੀ ਸਿੱਖ ਅਜਾਇਬਘਰ ਵਿੱਚ ਲਾਏ ਗਏ



ਅੰਮ੍ਰਿਤਸਰ, 12 ਅਪ੍ਰੈਲ (ਪੋਸਟ ਬਿਊਰੋ)- ਸ੍ਰੀ ਹਰਿਮੰਦਰ ਸਾਹਿਬ ਸ੍ਰੀ ਦਰਬਾਰ ਸਾਹਿਬ ਵਿਖੇ ਕੇਂਦਰੀ ਸਿੱਖ ਅਜਾਇਬ ਘਰ ਵਿੱਚ ਕੱਲ੍ਹ ਸੱਤ ਸ਼ਖ਼ਸੀਅਤਾਂ ਦੀਆਂ ਫੋਟੋ ਲਾਈਆਂ ਗਈਆਂ, ਜਿਨ੍ਹਾਂ ਵਿੱਚ ਬਹਿਬਲ ਕਲਾਂ ਦੇ ਸ਼ਹੀਦ ਭਾਈ ਕ੍ਰਿਸ਼ਨ ਭਗਵਾਨ ਸਿੰਘ ਅਤੇ ਭਾਈ ਗੁਰਜੀਤ ਸਿੰਘ ਸਰਾਵਾਂ, ਜੋਧਪੁਰ ਬੰਦੀ ਸਿੰਘਾਂ ਦੀ ਰਿਹਾਈ ਦੇ ਯਤਨ ਕਰਨ ਵਾਲੇ ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਹਰਬੰਸ ਸਿੰਘ ਘੁੰਮਣ, ਸ੍ਰੀ ਹਰਿਮੰਦਰ ਸਾਹਿਬ ਦੀ ਨੱਕਾਸ਼ੀ ਵਿੱਚ ਯੋਗਦਾਨ ਵਾਲੇ ਜੀ ਐਸ ਸੋਹਨ ਸਿੰਘ, ਸੰਤ ਪ੍ਰਿਥੀਪਾਲ ਸਿੰਘ ਸੱਯਦ, ਇੰਜੀਨੀਅਰ ਡਾ. ਜਸਵੰਤ ਸਿੰਘ ਗਿੱਲ, ਬ੍ਰਿਗੇਡੀਅਰ ਪ੍ਰੀਤਮ ਸਿੰਘ ਸ਼ਾਮਲ ਹਨ। ਇਨ੍ਹਾਂ ਦੀਆਂ ਤਸਵੀਰਾਂ ਤੋਂ ਪਰਦਾ ਹਟਾਉਣ ਦੀ ਰਸਮ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਸ੍ਰੀ ਹਰਮਿੰਦਰ ਸਾਹਿਬ ਦੇ ਐਡੀਸ਼ਨਲ ਮੁੱਖ ਗ੍ਰੰਥੀ ਗਿਆਨੀ ਜਗਤਾਰ ਸਿੰਘ ਨੇ ਨਿਭਾਈ।

ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਜਿਨ੍ਹਾਂ ਲੋਕਾਂ ਨੇ ਗੁਰਮਤਿ ਦੀਆਂ ਪੈੜਾਂ ਉੱਤੇ ਚੱਲ ਕੇ ਪੰਥਕ ਸੇਵਾ ਨਿਭਾਈ ਹੈ, ਉਹ ਕੌਮ ਲਈ ਸਤਿਕਾਰਯੋਗ ਹਨ ਅਤੇ ਪੰਥਕ ਸਨਮਾਨ ਵੱਜੋਂ ਉਨ੍ਹਾਂ ਦੀਆਂ ਤਸਵੀਰਾਂ ਕੇਂਦਰੀ ਸਿੱਖ ਅਜਾਇਬਘਰ ਵਿੱਚ ਲਾਈਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਇਹ ਸ਼ਖ਼ਸੀਅਤਾਂ ਕੌਮ ਲਈ ਪ੍ਰੇਰਣਾ ਸਰੋਤ ਹਨ, ਜਿਨ੍ਹਾਂ ਬਾਰੇ ਕੇਂਦਰੀ ਸਿੱਖ ਅਜਾਇਬਘਰ ਵਿੱਚ ਆਈਆਂ ਸੰਗਤਾਂ ਨੂੰ ਜਾਣਕਾਰੀ ਮਿਲੇਗੀ। ਇਸ ਮੌਕੇ ਇਨ੍ਹਾਂ ਸ਼ਖ਼ਸੀਅਤਾਂ ਦੇ ਪਰਵਾਰਕ ਮੈਂਬਰ ਨੂੰ ਸਿਰੋਪਾਓ ਵੀ ਦਿੱਤੇ ਗਏ।

ਨਿੱਜੀ ਬੈਂਕ ਵਿੱਚ ਕਰੋੜਾਂ ਦੇ ਫਰਾਡ ਦਾ ਮੁੱਦਾ

# ਪਾਵਰਕਾਮ ਕਰਮਚਾਰੀ ਬਣ ਕੇ 7 ਲੱਖ ਦਾ ਕਰਜ਼ਾ ਲੈਣ ਵਾਲਾ ਕਾਬੂ

*** ਬੈਂਕ ਮੁਲਾਜ਼ਮਾਂ ਤੇ ਏਜੰਟਾਂ ਸਮੇਤ ਅੱਠ ਪਹਿਲਾਂ ਗ੍ਰਿਫ਼ਤਾਰ**



ਜਲੰਧਰ, 12 ਅਪ੍ਰੈਲ (ਪੋਸਟ ਬਿਊਰੋ)- ਆਈ ਡੀ ਐਫ ਸੀ ਬੈਂਕ ਵਿੱਚ ਪ੍ਰਾਈਵੇਟ ਲੋਕਾਂ ਨੂੰ ਸਰਕਾਰੀ ਕਰਮਚਾਰੀ ਦੱਸ ਕੇ ਉਨ੍ਹਾਂ ਦੇ ਕਰੋੜਾਂ ਰੁਪਏ ਦੇ ਕਰਜ਼ੇ ਪਾਸ ਕਰਵਾ ਕੇ ਫਰਾਡ ਕਰਨ ਦੇ ਕੇਸ ਵਿੱਚ ਆਰਥਿਕ ਅਪਰਾਧ ਸ਼ਾਖਾ ਨੇ ਇੱਕ ਹੋਰ ਦੋਸ਼ੀ ਨੂੰ ਗ੍ਰਿਫ਼ਤਾਰ ਕੀਤਾ ਹੈ। ਉਸ ਨੇ ਬੈਂਕ ਮੁਲਾਜ਼ਮਾਂ ਨਾਲ ਮਿਲ ਕੇ ਜਾਅਲੀ ਦਸਤਾਵੇਜ਼ ਬਣਾ ਕੇ 7 ਲੱਖ 15 ਹਜ਼ਾਰ ਰੁਪਏ ਦਾ ਕਰਜ਼ਾ ਪਾਸ ਕਰਾਇਆ ਸੀ। ਉਸ ਨੂੰ ਪਤਾ ਸੀ ਕਿ ਬੈਂਕ ਕਰਮਚਾਰੀ ਧੋਖਾਧੜੀ ਕਰ ਕੇ ਕਰਜ਼ਾ ਪਾਸ ਕਰਵਾ ਰਹੇ ਹਨ, ਜਿਸ ਕਾਰਨ ਪੁਲਸ ਨੇ ਇਸ ਮੁਲਜ਼ਮ ਨੂੰ ਵੀ ਨਾਮਜ਼ਦ ਕਰ ਲਿਆ ਸੀ।

ਗ੍ਰਿਫ਼ਤਾਰ ਮੁਲਜ਼ਮ ਦੀ ਪਛਾਣ ਵਰੁਣ ਸ਼ਰਮਾ ਪੁੱਤਰ ਸੁਸ਼ੀਲ ਸ਼ਰਮਾ ਵਾਸੀ ਨਿਊ ਮਾਡਲ ਹਾਊਸ ਵਜੋਂ ਹੋਈ ਹੈ। ਵਰੁਣ ਨੇ ਬੀ ਐਸ ਸੀ-ਆਈ ਟੀ ਕੀਤੀ ਹੋਈ ਹੈ। ਰੋਜ਼ਗਾਰ ਨਾ ਹੋਣ ਕਾਰਨ ਉਸ ਨੇ ਕਰਜ਼ੇ ਲਈ ਰੂਬੀ ਕਸ਼ਯਪ ਨਾਂ ਦੇ ਬੈਂਕ ਏਜੰਟ ਨਾਲ ਸੰਪਰਕ ਕੀਤਾ ਸੀ। ਰੂਬੀ ਨੂੰ ਪੁਲਸ ਪਹਿਲਾਂ ਗ੍ਰਿਫ਼ਤਾਰ ਕਰ ਕੇ ਜੇਲ੍ਹ ਭੇਜ ਚੁੱਕੀ ਹੈ। ਰੂਬੀ ਨੇ ਵਰੁਣ ਦੇ ਜਾਅਲੀ ਦਸਤਾਵੇਜ਼ ਬਣਵਾ ਕੇ ਉਸ ਨੂੰ ਪਾਵਰਕਾਮਮੁਲਾਜ਼ਮ ਬਣਾ ਕੇ ਫਾਈਲ ਲਾਈ ਤੇ 7 ਲੱਖ 15 ਹਜ਼ਾਰ ਰੁਪਏ ਦਾ ਕਰਜ਼ਾ ਦਿਵਾਉਣ ਉੱਤੇ ਰੂਬੀਨੇ 2 ਲੱਖ 10 ਹਜ਼ਾਰ ਰੁਪਏ ਕਮਿਸ਼ਨ ਮੰਗੀ ਸੀ। ਕਰਜ਼ਾ ਪਾਸ ਹੋਣ ਤੋਂ ਬਾਅਦ ਰੂਬੀ ਨੂੰ ਵਰੁਣ ਨੇ ਕਮੀਸ਼ਨ ਦੇ ਸਾਰੇ ਪੈਸੇ ਦੇ ਦਿੱਤੇ ਅਤੇ ਉਹ ਪੈਸੇ ਬੈਂਕ ਦੇ ਹੋਰ ਅਫਸਰਾਂ ਨੂੰ ਵੀ ਦਿੱਤੇ ਗਏ, ਜਿਨ੍ਹਾਂ ਨੂੰ ਇਸ ਕੇਸ ਵਿੱਚ ਨਾਮਜ਼ਦ ਕੀਤਾ ਗਿਆ ਹੈ। ਇਸ ਫਰਾਡ ਦੇ ਕੇਸ ਵਿੱਚਅੱਜ ਤਕ ਇਹ 9ਵੀਂ ਗ੍ਰਿਫ਼ਤਾਰੀ ਹੈ।

ਵਰਨਣ ਯੋਗ ਹੈ ਕਿ 84 ਤੋਂ ਵੱਧ ਲੋਕਾਂ ਨੂੰ ਸਰਕਾਰੀ ਵਿਭਾਗਾਂ ਦੇ ਮੁਲਾਜ਼ਮ ਦੱਸਦੇ ਹੋਏ ਆਈ ਡੀ ਐਫ ਸੀ ਬੈਂਕ ਦੇ ਕਰਮਚਾਰੀਆਂ, ਡੀ ਐਸ ਏ ਸਮੇਤ ਅਤੇ ਏਜੰਟਾਂ ਆਦਿ ਨੇ ਜਾਅਲੀ ਦਸਤਾਵੇਜ਼ ਤਿਆਰ ਕਰ ਕੇ ਉਨ੍ਹਾਂ ਦੇ ਨਾਂ ਕਰੋੜਾਂ ਰੁਪਏ ਦੇ ਕਰਜ਼ੇ ਪਾਸ ਕਰਵਾ ਦਿੱਤੇ ਸਨ।

# ਯਾਤਰੀ ਕੋਲੋਂ 500 ਰੁਪਏ ਮੰਗਣ ਵਾਲਾ ਥਾਣੇਦਾਰ ਸਸਪੈਂਡ

ਅੰਮ੍ਰਿਤਸਰ, 12 ਅਪ੍ਰੈਲ (ਪੋਸਟ ਬਿਊਰੋ)- ਅੰਮ੍ਰਿਤਸਰ ਰੇਲਵੇ ਸਟੇਸ਼ਨ ਉੱਤੇ ਇੱਕ ਟੂਰਿਸਟ ਦਾ ਕੀਮਤੀ ਮੋਬਾਈਲ ਫੋਨ ਉਸ ਦੀ ਜੇਬ ਵਿੱਚੋਂ ਡਿੱਗ ਪਿਆ ਸੀ ਅਤੇ ਉਥੇ ਮੌਜੂਦ ਏ ਐਸ ਆਈ ਨੂੰ ਮਿਲਿਆ ਸੀ। ਏ ਐਸ ਆਈ ਨੇ ਵਾਪਸ ਕਰਨ ਲਈ 500 ਰੁਪਏ ਰਿਸ਼ਵਤ ਮੰਗੀ ਸੀ। ਟੂਰਿਸਟ ਨੇ ਇਸ ਦੀ ਵੀਡੀਓ ਬਣਾ ਕੇ ਮੁੱਖ ਮੰਤਰੀ ਵੱਲੋਂ ਚਲਾਏ ਨੰਬਰ ਉੱਤੇ ਪਾਈ ਤਾਂ ਅਧਿਕਾਰੀਆਂ ਨੇ ਰਿਸ਼ਵਤਖੋਰ ਏ ਐਸ ਆਈ ਨੂੰ ਸਸਪੈਂਡ ਕਰ ਦਿੱਤਾ ਹੈ।

ਦਿੱਲੀ ਦੇ ਵਸਨੀਕ ਅਮਿਤ ਕੁਮਾਰ ਨੇ ਮੁੱਖ ਮੰਤਰੀ ਨੂੰ ਕੀਤੀ ਸ਼ਿਕਾਇਤ ਵਿੱਚ ਦੱਸਿਆ ਕਿ ਉਹ 9 ਅਪ੍ਰੈਲ ਨੂੰ ਅੰਮ੍ਰਿਤਸਰ ਪੁੱਜੇ ਸਨ। ਜਦ ਉਹ 10 ਅਪ੍ਰੈਲ ਰਾਤ 11 ਵਜੇ ਗੱਡੀ ਫੜ ਕੇ ਵਾਪਸ ਜਾਣ ਲੱਗੇ ਤਾਂ ਸਟੇਸ਼ਨ ਅੱਗੇ ਬਣੇ ਵੇਟਿੰਗ ਹਾਲ ਵਿੱਚ ਆਪਣਾ ਮੋਬਾਈਲ ਚਾਰਜਿੰਗਉਤੇ ਲਾ ਦਿੱਤਾ। ਇਸ ਦੌਰਾਨ ਉਨ੍ਹਾਂ ਦਾ ਮੋਬਾਈਲ ਥੱਲੇ ਡਿੱਗ ਪਿਆ, ਜਿਸ ਨੂੰ ਡਿਊਟੀ ਉੱਤੇ ਮੌਜੂਦ ਏ ਐਸ ਆਈ ਸ਼ੀਸਪਾਲ ਸਿੰਘ ਨੇ ਫੜ ਲਿਆ। ਉਨ੍ਹਾਂ ਨੇ ਫੋਨ ਮੰਗਿਆ ਤਾਂ ਥਾਣੇਦਾਰ ਨੇ ਕਿਹਾ ਕਿ ਇਹ ਮੋਬਾਈਲ ਉਸਦਾ ਨਹੀਂ ਹੈ। ਅਮਿਤ ਕੁਮਾਰ ਨੇ ਮੋਬਾਈਲ ਉੱਤੇ ਆਪਣੇ ਫਿੰਗਰ ਪ੍ਰਿੰਟ ਲਾ ਕੇ ਮੋਬਾਈਲ ਏ ਐਸ ਆਈ ਸ਼ੀਸਪਾਲ ਨੂੰ ਚੈਕ ਕਰਾਇਆ ਤਾਂ ਵੀ ਉਨ੍ਹਾਂ ਵਾਪਸ ਨਾ ਕੀਤਾ। ਕੁਝ ਸਮੇਂ ਬਾਅਦ ਏ ਐਸ ਆਈ ਉਨ੍ਹਾਂ ਤੋਂ ਮੋਬਾਈਲ ਬਦਲੇ 500 ਰੁਪਏ ਮੰਗਣ ਲੱਗਾ। ਸਾਰੀ ਘਟਨਾ ਅਮਿਤ ਕੁਮਾਰ ਦੇ ਸਾਥੀ ਨੇ ਮੋਬਾਈਲ ਵਿੱਚ ਕੈਦ ਕਰ ਲਈ ਅਤੇ ਮੁੱਖ ਮੰਤਰੀ ਦੇ ਸਪੈਸ਼ਲ ਨੰਬਰ ਉੱਤੇ ਭੇਜ ਦਿੱਤੀ।

# ਸੁਮੇਧ ਸੈਣੀ ਵੱਲੋਂ ਅਗਾਊਂ ਜ਼ਮਾਨਤ ਦੀ ਅਰਜ਼ੀ ਦਾਇਰ

ਮੁਹਾਲੀ, 12 ਅਪ੍ਰੈਲ (ਪੋਸਟ ਬਿਊਰੋ)- ਕਰੀਬ 6.40 ਕਰੋੜ ਰੁਪਏ ਦੇ ਲੈਣ-ਦੇਣ ਦੇ ਮਾਮਲੇ ਵਿੱਚ ਪੰਜਾਬ ਪੁਲਸ ਦੇ ਸਾਬਕਾ ਡੀ ਜੀ ਪੀ ਸੁਮੇਧ ਸੈਣੀ ਵੱਲੋਂ ਆਪਣੇ ਵਕੀਲ ਸੰਤਪਾਲ ਸਿੰਘ ਸਿੱਧੂ ਅਤੇ ਐਚ ਐਸ ਧਨੋਆ ਰਾਹੀਂ ਅਡੀਸ਼ਨਲ ਜ਼ਿਲ੍ਹਾ ਸੈਸ਼ਨ ਜੱਜ ਸੰਦੀਪ ਕੁਮਾਰ ਸਿੰਗਲਾ ਦੀ ਅਦਾਲਤ ਵਿੱਚ ਅਗਾਊਂ ਜ਼ਮਾਨਤ ਦੀ ਅਰਜ਼ੀ ਦਿੱਤੀ ਹੈ। ਅਦਾਲਤ ਵੱਲੋਂ ਉਕਤ ਜ਼ਮਾਨਤ ਦੀ ਅਰਜ਼ੀ ਉੱਤੇ ਸੁਣਵਾਈ ਪਿੱਛੋਂ ਪੰਜਾਬ ਸਰਕਾਰ ਨੂੰ 16 ਅਪ੍ਰੈਲ ਦਾ ਨੋਟਿਸ ਜਾਰੀ ਕੀਤਾ ਹੈ।ਉਧਰ ਹਾਈ ਕੋਰਟ ਵੱਲੋਂ ਇਸ ਕੇਸ ਸਮੇਤ ਮੁਲਤਾਨੀ ਕੇਸ ਦੀ ਅਗਲੀ ਤਫ਼ਤੀਸ਼ (ਏ ਡੀ ਜੀ ਪੀ) ਐਸ ਐਸ ਸ੍ਰੀਵਾਸਤਵਾ ਦੀ ਅਗਵਾਈ ਵਾਲੀ ਵਿਸ਼ੇਸ਼ ਜਾਂਚ ਟੀਮ (ਐੱਸ ਆਈ ਟੀ) ਨੂੰ ਸੌਂਪ ਦਿੱਤੀ ਗਈ ਹੈ।

ਪਤਾ ਲੱਗਾ ਹੈ ਕਿ ਵਿਜੀਲੈਂਸ ਨੇ ਸੁਮੇਧ ਸੈਣੀ ਅਤੇ ਦਵਿੰਦਰ ਸਿੰਘ ਸੰਧੂ ਕੰਪਨੀ ਡਾਇਰੈਕਟਰ, ਨਗੇਂਦਰ ਰਾਓ ਕੰਪਨੀ ਦੇ ਜਨਰਲ ਮੈਨੇਜਰ, ਅਸ਼ੋਕ ਕੁਮਾਰ ਸਿੱਕਾ ਪੀ ਸੀ ਐਸ (ਰਿਟਾਇਰਡ), ਸ਼ਕਤੀ ਸਾਗਰ ਭਾਟੀਆ ਸਟੇਟ ਟਾਊਨ ਪਲਾਨਰ ਨਗਰ ਨਿਗਮ ਪਟਿਆਲਾ (ਰਿਟਾਇਰਡ) ਦੇ ਖ਼ਿਲਾਫ਼ ਧਾਰਾ-409, 420, 465, 467, 468, 471, 120ਬੀ ਅਤੇ ਭ੍ਰਿਸ਼ਟਾਚਾਰ ਐਕਟ ਤਹਿਤ ਮਾਮਲਾ ਦਰਜ ਕੀਤਾ ਸੀ।


# ਚੌਥੀ ਜਮਾਤ ਦੇ ਬੱਚਿਆਂ ਨੂੰ ਮਾਸਟਰ ਨੇ ਬੇਰਹਿਮੀ ਨਾਲ ਕੁੱਟਿਆ

ਮੂਣਕ, 12 ਅਪ੍ਰੈਲ (ਪੋਸਟ ਬਿਊਰੋ)- ਪਿੰਡ ਬੱਲਰਾਂ ਵਿਖੇ ਇੱਕ ਮਾਸਟਰ ਉਪਰ 17 ਬੱਚਿਆਂ ਦੀ ਬੇਤਹਾਸ਼ਾ ਕੁੱਟਮਾਰ ਕਰਨ ਦੇ ਦੋਸ਼ ਲਾ ਕੇ ਪਿੰਡ ਵਾਸੀਆਂ ਨੇ ਜਿੱਥੇ ਇਸ ਨੂੰ ਨਸ਼ੇੜੀ ਦੱਸ ਕੇ ਡਿਸਮਿਸ ਕਰਨ ਦੀ ਮੰਗ ਕੀਤੀ ਹੈ, ਉਥੇ ਸਕੂਲਨੂੰ ਜਿੰਦਰਾ ਲਾ ਕੇ ਸਟਾਫ ਨੂੰ ਅੰਦਰ ਬੰਦ ਕਰ ਕੇ ਨਾਅਰੇਬਾਜ਼ੀ ਕੀਤੀ ਹੈ।

ਬੱਚਿਆਂ ਦੇ ਮਾਪਿਆਂ ਬਿੰਦਰ ਸਿੰਘ, ਭਿੰਦਰ ਸਿੰਘ ਅਤੇ ਹੋਰਨਾਂ ਨੇ ਦੱਸਿਆ ਕਿ ਇਹ ਮਾਸਟਰ ਲਵਲੀਨ, ਜੋ ਬਰੇਟਿਆਂ ਤੋਂ ਇੱਥੇ ਪੜ੍ਹਾਉਣ ਆਉਂਦਾ ਹੈ, ਨਸ਼ੇ ਨਾਲ ਹਰ ਸਮੇਂ ਟੁੰਨ ਰਹਿੰਦਾ ਹੈ। ਕਈ ਮਹੀਨਿਆਂ ਤੋਂ ਪੜ੍ਹਾਉਣ ਲਈ ਉਹ ਆਇਆ ਨਹੀਂ, ਸਗੋਂ ਉਸ ਨੇ ਆਪਣੀ ਥਾਂ3500 ਰੁਪਏ ਮਹੀਨਾ ਵਿੱਚ ਇੱਕ ਅਸਿਸਟੈਂਟ ਰੱਖੀ ਹੋਈ ਹੈ। ਜੇ ਉਹ 2 ਅਪ੍ਰੈਲ ਤੋਂ ਆਉਣ ਲੱਗਾ ਹੈ ਤਾਂ ਉਦੋਂ ਤੋਂ ਕਿਸੇ ਬੱਚੇ ਨੂੰ ਨਹੀਂ ਪੜ੍ਹਾਇਆ, ਪਰ ਕੱਲ੍ਹ ਚੌਥੀ ਕਲਾਸ ਦੇ 17 ਬੱਚਿਆਂ ਨੂੰ ਬੇਤਹਾਸ਼ਾ ਕੁੱਟਦਿਆਂ ਗੁੱਝੀਆਂ ਸੱਟਾਂ ਮਾਰੀਆਂ, ਜਿਨ੍ਹਾਂ ਵਿੱਚੋਂ ਇੱਕ ਬੱਚੇ ਨੂੰ ਮੂਣਕ ਹਸਪਤਾਲ ਦਾਖਲ ਕਰਵਾਉਣਾ ਪਿਆ ਅਤੇ ਫਿਰ ਉਸ ਨੂੰ ਸੰਗਰੂਰ ਰੈਫਰ ਕੀਤਾ ਗਿਆ। ਇੱਕ ਬੱਚੇ ਦੇ ਸਿਰ ਵਿੱਚ ਸੱਟਾਂ ਦੀ ਚੰਡੀਗੜ੍ਹ ਤੋਂ ਮੈਡੀਕਲ ਰਿਪੋਰਟ ਵੀ ਕਰਵਾਉਣੀ ਪਈ। ਸਕੂਲ ਕਮੇਟੀ ਨੇ ਜੇ ਇਸ ਦੋਸ਼ੀ ਮਾਸਟਰ ਬਾਰੇ ਸਟਾਫ਼ ਤੋਂ ਜਾਨਣਾ ਚਾਹਿਆ ਤਾਂ ਉਨ੍ਹਾਂ ਨੇ ਕੁਝ ਕਹਿਣ ਤੋਂ ਇਨਕਾਰ ਕਰ ਦਿੱਤਾ। ਪਿੰਡ ਵਾਸੀਆਂ ਨੇ ਇਸ ਸਬੰਧੀ ਡੀ ਈ ਓ ਸੰਗਰੂਰ ਨੂੰ ਮੰਗ ਪੱਤਰ ਵੀ ਦਿੱਤਾ ਸੀ, ਪਰ ਕੋਈ ਸੁਣਵਾਈ ਨਹੀਂ ਹੋਈ, ਜਿਸ ਤੋਂ ਲੋਕ ਭੜਕ ਪਏ ਸਨ।

# ਬਿਜਲੀ ਬੋਰਡ ਦੇ ਡਿਫ਼ਾਲਟਰ ਖਪਤਕਾਰ ਸਰਕਾਰੀ ਕੰਮ ਨਹੀਂ ਕਰਵਾ ਸਕਣਗੇ

* ਪਾਸਪੋਰਟ, ਅਸਲ੍ਹਾ, ਜਮ੍ਹਾਂਬੰਦੀ, ਬੈਨਾਮੇ ਲਈ ਐਨ ਓ ਸੀ ਜ਼ਰੂਰੀ



ਅਜੀਤਵਾਲ, 12 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਬਿਜਲੀ ਬੋਰਡ (ਪਾਵਰਕਾਮ) ਦੇ ਡਿਫਾਲਟਰ ਖਪਤਕਾਰ ਅੱਗੇ ਤੋਂ ਸਰਕਾਰੇ ਦਰਬਾਰੇ ਕੰਮ ਨਹੀਂ ਕਰਵਾ ਸਕਣਗੇ ਅਤੇ ਉਨ੍ਹਾਂ ਨੂੰ ਪਾਸਪੋਰਟ, ਅਸਲਾ, ਜਮ੍ਹਾਂਬੰਦੀ, ਬੈਨਾਮਾ, ਰਜਿਸਟਰੀ, ਆਧਾਰ ਕਾਰਡ, ਪੈਨ-ਕਾਰਡ ਲਈ ਬਿਜਲੀ ਬੋਰਡ ਤੋਂ ਪਹਿਲਾਂ ਐਨ ਓ ਸੀ ਲੈਣਾ ਜ਼ਰੂਰੀ ਹੋਵੇਗਾ।

ਇਸ ਸੰਬੰਧ ਵਿੱਚ ਸਾਰੇ ਪੰਜਾਬ ਦੇ ਬਿਜਲੀ ਬੋਰਡ ਦਫ਼ਤਰਾਂ ਵਿੱਚ ਈ ਐਸ ਆਈ ਧਾਰਾ 91.1, 91.2, 91.3 ਦਾ ਸਰਕੁਲਰ ਜਾਰੀ ਕੀਤਾ ਗਿਆ ਹੈ। ਬਿਜਲੀ ਬੋਰਡ ਦਫ਼ਤਰਾਂ ਨੇ ਡਿਪਟੀ ਕਮਿਸ਼ਨਰ, ਤਹਿਸੀਲਦਾਰ, ਥਾਣਾ, ਸੁਵਿਧਾ ਕੇਂਦਰ, ਐਸ ਡੀ ਐਮ ਦਫ਼ਤਰਾਂ ਵਿੱਚ ਸਰਕੁਲਰ ਦੀਆਂ ਕਾਪੀਆਂ ਭੇਜ ਕੇ ਪਾਵਰਕਾਮ ਤੋਂ ਐਨ ਓ ਸੀ (ਨੋ ਆਬਜੈਕਸ਼ਨ ਸਰਟੀਫਿਕੇਟ) ਲੈਣਾ ਜ਼ਰੂਰੀ ਕਰ ਦਿੱਤਾ ਹੈ। ਇਸੇ ਦੇ ਬਾਅਦ ਇਸ ਸਰਕੁਲਰ ਦੇ ਚੰਗੇ ਨਤੀਜੇ ਮਿਲੇ ਹਨ। ਪਿਛਲੇ 15-20 ਸਾਲਾਂ ਤੋਂ ਸ਼ਹਿਰਾਂ ਵਿੱਚਬਿਜਲੀ ਬੋਰਡ ਨੂੰ ਡਿਫਾਲਟਰ ਕਿਸਾਨਾਂ ਅਤੇ ਫ਼ਰਮਾਂ ਨੂੰ ਵਾਰ ਵਾਰ ਨੋਟਿਸ ਜਾਰੀ ਕਰਕੇ ਬਿੱਲ ਜਮ੍ਹਾਂ ਕਰਾਉਣ ਲਈ ਖਪਤਕਾਰਾਂ ਦੇ ਮਗਰ ਫਿਰਨਾ ਪੈਂਦਾ ਸੀ, ਪਰ ਉਨ੍ਹਾ ਦੇ ਸਿਰ ਉੱਤੇ ਜੂੰ ਨਹੀਂ ਸਰਕਦੀ ਸੀ। ਅੱਗੇ ਤੋਂਭ ਬਿਜਲੀ ਬੋਰਡ ਦੇ ਹਰ ਦਫ਼ਤਰ, ਉਪ ਦਫ਼ਤਰਾਂ ਦੀ ਕਰੋੜਾਂ ਅਰਬਾਂ ਰੁਪਏ ਦੀ ਭਰਪਾਈ ਹੋ ਸਕੇਗੀ, ਨਹੀਂ ਤਾਂ ਖਪਤਕਾਰਾਂ ਨੂੰ ਅਸਲਾ ਲਾਇਸੰਸ ਰੀਨਿਊ, ਪਾਸਪੋਰਟ, ਰਜਿਸਟਰੀਆਂ ਤੇ ਹੋਰ ਕਾਰਜਾਂ ਲਈ ਅੜਿੱਕਾ ਖੜਾ ਹੋਵੇਗਾ। ਬਿਜਲੀ ਬੋਰਡ ਦਾ ਕਹਿਣਾ ਹੈ ਕਿ ਕੋਈ ਵੀ ਸਰਕਾਰੀ ਕੰਮ ਬਿਜਲੀ ਬੋਰਡ ਦੀ ਐਨ ਓ ਸੀ ਬਿਨ੍ਹਾਂ ਨਹੀਂ ਹੋਵੇਗਾ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

# ਆਰਕੀਟੈਕਚਰ ਵਿਭਾਗ ਨੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਜਸ਼ਨ 2022 ਦੀ ਓਵਰਆਲ ਚੈਂਪੀਅਨਸ਼ਿਪ ਜਿੱਤੀ





ਅੰਮ੍ਰਿਤਸਰ, 12 ਅਪ੍ਰੈਲ (ਪੋਸਟ ਬਿਊਰੋ) - ਗੁਰੂ ਨਾਨਕ ਦੇਵ ਯੂਨੀਵਰਸਿਟੀ ਕੈਂਪਸ ਦੇ ਅੰਤਰ-ਵਿਭਾਗੀ ਕਲਾ ਅਤੇ ਸਭਿਆਚਾਰਕ ਮੁਕਾਬਲਿਆਂ ਦੇ ਚਾਰ ਰੋਜਾ ਚੱਲਣ ਵਾਲੇ 'ਜਸ਼ਨ-2022' ਅੱਜ ਇੱਥੇ ਯੂਨੀਵਰਸਿਟੀ ਦੇ ਦਸਮੇਸ਼ ਆਡੀਟੋਰੀਅਮ ਵਿੱਚ ਗਿੱਧੇ ਦੀ ਧਮਾਲ ਨਾਲ ਸੰਪਨ ਹੋ ਗਿਆ। ਇਸ ਵਿਚ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਦੇ ਵਿਦਿਆਰਥੀ-ਕਲਾਕਾਰਾਂ ਨੇ ਵੱਡੀ ਗਿਣਤੀ ਵਿਚ ਹਿੱਸਾ ਲਿਆ ਹੈ।

ਜਸ਼ਨ ਵਿਚ ਸਭ ਤੋਂ ਬਿਹਤਰੀਨ ਪ੍ਰਦਰਸ਼ਨ ਕਰਨ ਵਾਲਾ ਯੂਨੀਵਰਸਿਟੀ ਦਾ ਆਰਕੀਟੈਕਚਰ ਵਿਭਾਗ ਪਹਿਲੇ ਸਥਾਨ ਤੇ ਰਿਹਾ ਜਦੋਂ ਕਿ ਇਹਨਾਂ ਮੁਕਾਬਿਲਆਂ ਵਿੱਚ ਇਲੈਕਟ੍ਰੋਨਿਕਸ ਵਿਭਾਗ ਦੂਜੇ ਸਥਾਨ 'ਤੇ ਅਤੇ ਯੂਨੀਵਰਸਿਟੀ ਸਕੂਲ ਆਫ ਫਾਈਨੈਂਸ਼ੀਅਲ ਸਟੱਡੀਜ਼ (ਯੂ.ਐਸ.ਐਫ.ਐਸ.) ਤੀਜੇ ਸਥਾਨ 'ਤੇ ਰਿਹਾ।

ਮਿਉਂਸੀਪਲ ਕਾਰਪੋਰੇਸ਼ਨ ਅੰਮ੍ਰਿਤਸਰ ਦੇ ਕਮਿਸ਼ਨਰ, ਸ਼੍ਰੀ ਸੰਦੀਪ ਰਿਸ਼ੀ ਇਸ ਮੌਕੇ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਡੀਨ, ਵਿਦਿਆਰਥੀ ਭਲਾਈ ਦੇ ਪ੍ਰੋਫੈਸਰ ਅਨੀਸ਼ ਦੂਆ ਨੇ ਮੁੱਖ ਮਹਿਮਾਨ ਅਤੇ ਹੋਰਨਾਂ ਦਾ ਸਵਾਗਤ ਕੀਤਾ। ਇਸ ਮੌਕੇ ਸ਼੍ਰੀ ਸੰਦੀਪ ਰਿਸ਼ੀ, ਡੀਨ ਅਕਾਦਮਿਕ ਮਾਮਲੇ, ਪ੍ਰੋ. ਸਰਬਜੋਤ ਸਿੰਘ ਬਹਿਲ, ਰਜਿਸਟਰਾਰ ਪ੍ਰੋ. ਕਰਨਜੀਤ ਸਿੰਘ ਕਾਹਲੋਂ ਅਤੇ ਪ੍ਰੋ. ਅਨੀਸ਼ ਦੂਆ ਨੇ ਜੇਤੂ ਕਲਾਕਾਰ ਵਿਦਿਆਰਥੀਆਂ ਨੂੰ ਇਨਾਮ ਤਕਸੀਮ ਕੀਤੇ।

ਸ੍ਰੀ ਸੰਦੀਪ ਰਿਸ਼ੀ ਨੇ ਇਸ ਮੌਕੇ ਜੇਤੂ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਨਿਸ਼ਾਨਾ ਮਿੱਥ ਕੇ ਸੱਚੀ ਲਗਨ ਨਾਲ ਕੀਤੀ ਗਈ ਮਿਹਨਤ ਰੰਗ ਲਿਆਉਂਦੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਮੇਲਿਆਂ ਵਿਚ ਹਾਸਲ ਹੋਣ ਵਾਲੀਆਂ ਪ੍ਰਾਪਤੀਆਂ ਜਿੱਤ ਹਾਰ ਤੋਂ ਕਿਤੇ ਉਪਰ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਇਨ੍ਹਾਂ ਮੇਲਿਆਂ ਰਾਹੀਂ ਸਾਨੂੰ ਨਵੇਂ ਦੋਸਤ, ਉਸਾਰੂ ਮਾਨਸਿਕਤਾ, ਲਗਨ ਨਾਲ ਮਿਹਨਤ ਕਰਨ ਦੀ ਪ੍ਰਵਿਰਤੀ ਅਤੇ ਜ਼ਿੰਦਗੀ ਵਿਚ ਕਦੇ ਹਾਰ ਨਾ ਮੰਨਣ ਵਾਲਾ ਜੋਸ਼ ਪ੍ਰਾਪਤ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜ਼ਿੰਦਗੀ ਵੱਖ ਵੱਖ ਅਨੁਸ਼ਾਸਨਾਂ ਦਾ ਸੁਮੇਲ ਹੈ ਅਤੇ ਅਕਾਦਮਿਕ ਜ਼ਿੰਦਗੀ ਵਿਚ ਵੀ ਸਾਨੂੰ ਇਸ ਦਾ ਖਿਆਲ ਰੱਖਣਾ ਚਾਹੀਦਾ ਹੈ।

ਯੂਐਸਐਫਐਸ ਤੋਂ ਸ੍ਰੀ ਅਨੀਮੇਸ਼ ਸਲਹੋਤਰਾ ਨੂੰ ਮਿਸਟਰ ਜਸ਼ਨ ਅਤੇ ਕੰਪਿਊਟਰ ਇੰਜੀ. ਅਤੇ ਟੈਕਨਾਲੋਜੀ ਵਿਭਾਗ ਤੋਂ ਮਿਸ ਗੁਰਲੀਨ ਕੌਰ ਅਤੇ ਆਰਕੀਟੈਕਚਰ ਵਿਭਾਗ ਦੀ ਮਿਸ ਨਿਕਿਤਾ ਨੂੰ ਇਨ੍ਹਾਂ ਮੁਕਾਬਲਿਆਂ ਵਿੱਚ ਸਾਂਝੇ ਤੌਰ 'ਤੇ ਮਿਸ ਜਸ਼ਨ ਐਲਾਨਿਆ ਗਿਆ। ਸ਼੍ਰੇਣੀ ਅਨੁਸਾਰ ਨਤੀਜੇ ਹਨ: ਫਾਈਨ ਆਰਟਸ - ਪਹਿਲਾ ਆਰਕੀਟੈਕਚਰ ਵਿਭਾਗ, ਦੂਜਾ ਇਲੈਕਟ੍ਰੋਨਿਕਸ ਅਤੇ ਤੀਜਾ ਯੂਐਸਐਫਐਸ; ਲਿਟਰੇਰੀ- ਪਹਿਲਾ ਜ਼ੂਆਲੋਜੀ, ਦੂਜਾ ਮਾਈਕ੍ਰੋਬਾਇਓਲੋਜੀ ਐਂਡ ਸਕੂਲ ਆਫ਼ ਪੰਜਾਬੀ ਸਟੱਡੀਜ਼ (ਸਾਂਝੇ ਤੌਰ 'ਤੇ) ਅਤੇ ਤੀਜਾ ਸੀਐਸਡੀਏ ਤੇ ਯੂਐਸਐਫਐਸ (ਸਾਂਝੇ ਤੌਰ 'ਤੇ); ਸੰਗੀਤ - ਪਹਿਲਾ ਆਰਕੀਟੈਕਚਰ ਵਿਭਾਗ, ਦੂਜਾ ਇਲੈਕਟ੍ਰੋਨਿਕਸ ਵਿਭਾਗ ਅਤੇ ਤੀਜਾ ਕਾਨੂੰਨ ਵਿਭਾਗ; ਥੀਏਟਰ - ਪਹਿਲਾ ਕੈਮਿਸਟਰੀ ਵਿਭਾਗ, ਦੂਜਾ ਯੂਐਸਐਫਐਸ ਅਤੇ ਤੀਜਾ ਆਰਕੀਟੈਕਚਰ ਵਿਭਾਗ ਅਤੇ ਕੰਪਿਊਟਰ ਇੰਜੀ. ਅਤੇ ਟੈਕਨਾਲੋਜੀ ਵਿਭਾਗ (ਸਾਂਝੇ ਤੌਰ 'ਤੇ) ਅਤੇ ਡਾਂਸ ਵਿੱਚ - ਪਹਿਲਾ ਆਰਕੀਟੈਕਚਰ, ਦੂਜਾ ਯੂਬੀਐਸ ਅਤੇ ਤੀਜਾ ਕੰਪਿਊਟਰ ਇੰਜੀ. ਐਂਡ ਟੈਕਨਾਲੋਜੀ।

# ਇਮਰਾਨ ਤੇ ਹੋਰਨਾਂ ਦੇ ਖਿਲਾਫ ਦੇਸ਼ ਧਰੋਹ ਦੀ ਪਟੀਸ਼ਨ ਰੱਦ



ਇਸਲਾਮਾਬਾਦ, 12 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੀ ਇੱਕ ਹਾਈ ਕੋਰਟ ਨੇ ਕੱਲ੍ਹ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਤੇ ਉਨ੍ਹਾਂ ਦੇ ਕਈ ਮੰਤਰੀਆਂ ਖਿਲਾਫ ਦੇਸ਼ਧਰੋਹ ਦਾ ਕੇਸ ਦਰਜ ਕਰਨ ਦੀ ਮੰਗ ਵਾਲੀ ਪਟੀਸ਼ਨ ਰੱਦ ਕਰ ਦਿੱਤੀ। ਅਦਾਲਤ ਨੇ ਪਟੀਸ਼ਨ ਨੂੰ ਸਵੀਕਾਰ ਕਰਨ ਯੋਗ ਨਹੀਂ ਪਾਇਆ।

ਮਿਲੀ ਰਿਪੋਰਟ ਮੁਤਾਬਕ ਇਸਲਾਮਾਬਾਦ ਹਾਈ ਕੋਰਟ ਦੇ ਚੀਫ ਜਸਟਿਸ ਅਤਹਰ ਮਿਨੋਲਾਹ ਨੇ ਰਾਖਵਾਂ ਫੈਸਲਾ ਸੁਣਾਉਂਦੇ ਹੋਏ ਪਟੀਸ਼ਨ ਰੱਦ ਕੀਤੀ ਅਤੇ ਪਟੀਸ਼ਨ ਦਾਖਲ ਕਰਨ ਵਾਲੇ ਮੌਲਵੀ ਇਕਬਾਲ ਹੈਦਰ ਖਿਲਾਫ ਇੱਕ ਲੱਖ ਰੁਪਏ ਦਾ ਜੁਰਮਾਨਾ ਵੀ ਲਾਇਆ। ਅਦਾਲਤ ਨੇ ਇਮਰਾਨ ਖਾਨਅਤੇ ਉਨ੍ਹਾਂ ਦੇ ਮੰਤਰੀਆਂ ਦੇ ਨਾਵਾਂ ਨੂੰ ਨੋ ਫਲਾਈ ਸੂਚੀ ਵਿੱਚ ਸ਼ਾਮਲ ਕਰਨ ਦੀ ਅਪੀਲ ਵੀ ਠੁਕਰਾ ਦਿੱਤੀ ਤੇ ਉਸ ਰਾਜਨੀਤਕ ਪੱਤਰ ਦੀ ਜਾਂਚ ਕਰਨ ਦੀ ਵੀ ਮੰਗ ਨਹੀਂ ਮੰਨੀ, ਜਿਸ ਵਿੱਚ ਇਮਰਾਨ ਸਰਕਾਰ ਨੂੰ ਹਟਾਉਣ ਦੀ ਗੱਲ ਕਹੀ ਗਈ ਹੈ।

ਇਸ ਦੌਰਾਨ ਪਾਕਿਸਤਾਨ ਦੀ ਫੈਡਰਲ ਜਾਂਚ ਏਜੰਸੀ (ਐਫ ਬੀ ਆਈ) ਨੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਛੇ ਪ੍ਰਮੁੱਖ ਸਹਿਯੋਗੀਆਂ ਦੇ ਨਾਂਅ 'ਸਟਾਪ ਲਿਸਟ' ਵਿੱਚ ਪਾਏ ਹਨ, ਤਾਂ ਕਿ ਉਨ੍ਹਾਂ ਨੂੰ ਦੇਸ਼ ਛੱਡਣ ਤੋਂ ਰੋਕਿਆ ਜਾ ਸਕੇ। ਇਸ ਸੂਚੀ ਵਿੱਚ ਨਾਂਅ ਕਾਰਨ ਇਹ ਲੋਕ ਬਿਨਾਂ ਇਜਾਜ਼ਤ ਵਿਦੇਸ਼ ਨਹੀਂ ਜਾ ਸਕਦੇ। ਰਿਪੋਰਟ ਮੁਤਾਬਕ ਇਨ੍ਹਾਂ ਵਿੱਚ ਇਮਰਾਨ ਦੇ ਸਾਬਕਾ ਚੀਫ ਸੈਕਟਰੀ ਆਜ਼ਮ ਖਾਨ, ਸਾਬਕਾ ਵਿਸ਼ੇਸ਼ ਸਹਾਇਕ ਸ਼ਹਿਜ਼ਾਦ ਅਕਬਰ, ਪੰਜਾਬ ਦੇ ਡਾਇਰੈਕਟਰ ਜਨਰਲ ਗੌਹਰ ਨਫੀਸ ਅਤੇ ਐਫ ਬੀ ਆਈ ਪੰਜਾਬ ਖੇਤਰ ਦੇ ਡੀ ਜੀ ਮੁਹੰਮਦ ਰਿਜ਼ਵਾਨ ਦੇ ਨਾਂਅ ਸੂਚੀ ਵਿੱਚ ਸ਼ਾਮਲ ਹਨ। ਪਾਕਿਸਤਾਨ ਤਹਿਰੀਕ-ਏ ਇਨਸਾਫ (ਪੀ ਟੀ ਆਈ) ਦੇ ਸੋਸ਼ਲ ਮੀਡੀਆ ਪ੍ਰਮੁੱਖ ਅਰਸਲਾਨ ਖਾਲਿਦ ਦਾ ਨਾਂਅ ਵੀ ਸੂਚੀ ਵਿੱਚ ਪਾਇਆ ਗਿਆ ਹੈ।

# ਪ੍ਰਧਾਨ ਮੰਤਰੀ ਮੋਦੀ ਦਾ ਸ਼ਾਹਬਾਜ਼ ਨੂੰ ਇਸ਼ਾਰਾ: ਅੱਤਵਾਦ ਛੱਡੋ, ਸੰਬੰਧ ਬਿਹਤਰ ਹੋਣਗੇ

ਨਵੀਂ ਦਿੱਲੀ, 12 ਅਪ੍ਰੈਲ (ਪੋਸਟ ਬਿਊਰੋ)- ਭਾਰਤ ਨੇ ਪਾਕਿਸਤਾਨ ਦੇ ਨਵੇਂ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਨੂੰ ਸਾਫ ਕਰ ਦਿੱਤਾ ਹੈ ਕਿ ਉਹ ਗੁਆਂਢੀ ਦੇਸ਼ ਨਾਲ ਰਿਸ਼ਤੇ ਸੁਧਾਰਨਾ ਚਾਹੁੰਦਾ, ਪਰ ਇਸ ਦੇ ਲਈ ਪੂਰੇ ਖੇਤਰ ਨੂੰ ਅੱਤਵਾਦ ਤੋਂ ਮੁਕਤ ਕਰਨਾ ਹੋਵੇਗਾ ਅਤੇ ਇਸ ਵਿੱਚ ਕੋਈ ਢਿੱਲ ਨਹੀਂ ਦਿੱਤੀ ਜਾ ਸਕਦੀ।

ਪਾਕਿਸਤਾਨ ਦਾ ਪ੍ਰਧਾਨ ਮੰਤਰੀ ਬਣਨ ਦੇ ਬਾਅਦ ਨੈਸ਼ਨਲ ਅਸੈਂਬਲੀ ਹਾਲ ਵਿੱਚ ਆਪਣੇ ਪਹਿਲੇ ਭਾਸ਼ਣ ਵਿੱਚ ਪਾਕਿਸਤਾਨ ਮੁਸਲਿਮ ਲੀਗ-ਨਵਾਜ਼ (ਪੀ ਐਮ ਐਲ-ਐਨ) ਦੇ ਮੁਖੀ ਸ਼ਾਹਬਾਜ਼ ਨੇ ਭਾਰਤ ਨਾਲ ਆਪਣੇ ਰਿਸ਼ਤਿਆਂ ਦੇ ਭਵਿੱਖ ਨੂੰ ਸਿੱਧੇ ਤੌਰ ਉੱਤੇ ਕਸ਼ਮੀਰ ਨਾਲ ਜੋੜ ਦਿੱਤਾ ਸੀ। ਸ਼ਾਹਬਾਜ਼ ਨੂੰ ਆਪਣੇ ਟਵਿੱਟਰ ਹੈਂਡਲ ਤੋਂ ਵਧਾਈ ਸੰਦੇਸ਼ ਦਿੰਦੇ ਹੋਏ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਚੁਣੇ ਜਾਣ ਉੱਤੇ ਮੀਆਂ ਮੁਹੰਮਦ ਸ਼ਾਹਬਾਜ਼ ਸ਼ਰੀਫ ਨੂੰ ਵਧਾਈ, ਭਾਰਤ ਦੀ ਇੱਛਾ ਹੈ ਕਿ ਅਪੂਰਾ ਖੇਤਰ ਅੱਤਵਾਦ ਮੁਕਤ, ਸ਼ਾਂਤੀ ਤੇ ਸਥਿਰ ਬਣੇ, ਤਾਂ ਕਿ ਅਸੀਂ ਵਿਕਾਸ ਉੱਤੇ ਧਿਆਨ ਕੇਂਦਰਤ ਕਰ ਸਕੀਏ, ਆਪਣੀ ਜਨਤਾ ਦੀ ਭਲਾਈ ਯਕੀਨੀ ਕਰ ਸਕੀਏ ਅਤੇ ਲੋਕਾਂ ਦੀ ਖੁਸ਼ਹਾਲੀ ਉੱਤੇ ਧਿਆਨ ਦੇ ਸਕੀਏ।



ਦੂਜੇ ਪਾਸੇ ਪਾਕਿਸਤਾਨ ਦੀ ਨੈਸ਼ਨਲ ਅਸੈਂਬਲੀ ਵਿੱਚ ਬੋਲਦੇ ਹੋਏ ਸ਼ਾਹਬਾਜ਼ ਨੇ ਵੀ ਪ੍ਰਧਾਨ ਮੰਤਰੀ ਮੋਦੀ ਬਾਰੇ ਕਿਹਾ ਕਿ ਉਹ ਗਰੀਬੀ ਤੇ ਭੁੱਖਮਰੀ ਖਿਲਾਫ ਹੱਥ ਮਿਲਾਉਣ, ਪ੍ਰੰਤੂ ਸ਼ਰੀਫ ਨੇ ਸ਼ਰਤ ਰੱਖੀ ਕਿ ਪਹਿਲਾਂ ਕਸ਼ਮੀਰ ਮੁੱਦੇ ਦਾ ਹਲ ਯੂ ਐੱਨ ਦੇ ਰਾਹੀਂ ਅਤੇ ਕਸ਼ਮੀਰੀ ਲੋਕਾਂ ਦੀਆਂ ਭਾਵਨਾਵਾਂ ਮੁਤਾਬਕ ਹੋਵੇ।

ਸ਼ਾਹਬਾਜ਼ ਨੇ ਚੀਨ, ਸਾਊਦੀ ਅਰਬ, ਅਫਗਾਨਿਸਤਾਨ, ਯੂ ਏ ਈ, ਅਮਰੀਕਾ ਯੂਰਪੀ ਯੂਨੀਅਨ, ਬ੍ਰਿਟੇਨ ਵਾਂਗ ਦੇਸ਼ਾਂ ਨਾਲ ਆਪਣੇ ਦੇਸ਼ ਦੇ ਰਿਸ਼ਤਿਆਂ ਦਾ ਖੁਲਾਸਾ ਕਰਨ ਪਿੱਛੋਂ ਅਖੀਰ ਵਿੱਚ ਭਾਰਤ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਭਾਰਤ ਤੇ ਪਾਕਿਸਤਾਨ ਗੁਆਂਢੀ ਦੇਸ਼ ਹਨ, ਪਰ ਬਦਕਿਸਮਤੀ ਨਾਲ ਰਿਸ਼ਤੇ ਕਾਫੀ ਖਰਾਬ ਰਹੇ ਹਨ। ਉਨ੍ਹਾਂ ਨੇ ਅਗਸਤ 2019 ਵਿੱਚ ਭਾਰਤ ਵੱਲੋਂ ਕਸ਼ਮੀਰ ਵਿੱਚੋਂ ਧਾਰਾ 370 ਖਤਮ ਕਰਨ ਦਾ ਜ਼ਿਕਰ ਕੀਤਾ ਅਤੇ ਇਸ ਦੇ ਖਿਲਾਫ ਕੰਮ ਨਾ ਕਰਨ ਲਈ ਸਾਬਕਾ ਪ੍ਰਧਾਨ ਮੰਤਰੀ ਨੂੰ ਕਟਹਿਰੇ ਵਿੱਚ ਖੜ੍ਹਾ ਕੀਤਾ।ਸ਼ਾਹਬਾਜ਼ ਨੇ ਐਲਾਨ ਕੀਤਾ ਕਿ ਪਾਕਿਸਤਾਨ ਹਰ ਮੰਚ ਉੱਤੇ ਕਸ਼ਮੀਰ ਤੇ ਕਸ਼ਮੀਰੀ ਜਨਤਾ ਦਾ ਮੁੱਦਾ ਉਠਾਉਂਦਾ ਰਹੇਗਾ। ਪਾਕਿਸਤਾਨ ਦੀਆਂ ਰਾਜਨੀਤਕ ਸਰਗਰਮੀਆਂ ਉੱਤੇ ਨਜ਼ਰ ਰੱਖ ਰਹੇ ਭਾਰਤੀ ਅਧਿਕਾਰੀਆਂ ਦਾ ਮੰਨਣਾ ਹੈ ਕਿ ਪਹਿਲਾਂ ਦੀ ਨਵਾਜ਼ ਸ਼ਰੀਫ ਸਰਕਾਰ ਦੀ ਤੁਲਨਾ ਨਵੀਂ ਸ਼ਾਹਬਾਜ਼ ਸ਼ਰੀਫ ਸਰਕਾਰ ਨਾਲ ਨਹੀਂ ਹੋ ਸਕਦੀ। ਉਹ ਸ਼ਾਹਬਾਜ਼ ਨਾਲ ਗੱਲਬਾਤ ਕਰਨ ਦੇ ਹੱਕ ਵਿੱਚ ਨਹੀਂ ਹਨ।

# ਜੱਜਾਂ ਦੀ ਨਿਯੁਕਤੀ ਜੱਜਾਂ ਵੱਲੋਂ ਕਰਨ ਦੀ ਧਾਰਨਾ ਗਲਤ: ਚੀਫ ਜੱਜ

ਨਵੀਂ ਦਿੱਲੀ, 12 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੇ ਚੀਫ ਜਸਟਿਸ (ਸੀ ਜੇ ਆਈ) ਐਨ ਵੀ ਰਮਨਾ ਨੇ ਕਿਹਾ ਹੈ ਕਿ ਭਾਰਤ ਵਿੱਚ ਜੱਜ ਹੀ ਜੱਜਾਂ ਦੀ ਨਿਯੁਕਤੀ ਕਰਦੇ ਹਨ, ਇਹ ਮਾਨਤਾ ਗਲਤ ਹੈ ਤੇ ਨਿਯੁਕਤੀ ਲੰਬੀ ਸੋਚ-ਵਿਚਾਰ ਜ਼ਰੀਏ ਹੁੰਦੀ ਹੈ, ਜਿੱਥੇ ਕਈ ਹਿਤਧਾਰਕਾਂ ਨਾਲ ਵਿਚਾਰ-ਵਟਾਂਦਰਾ ਕੀਤਾ ਜਾਂਦਾ ਹੈ।ਉਨ੍ਹਾਂ ਕਿਹਾ ਕਿ ਜੱਜਾਂ ਦੀਆਂ ਨਿਯੁਕਤੀਆਂ ਉੱਤੇ ਸੁਪਰੀਮ ਕੋਰਟ ਦੇ ਫੈਸਲੇ ਜਨਤਾ ਦੇ ਭਰੋਸੇ ਨੂੰ ਬਣਾਈ ਰੱਖਣ ਦੇ ਮਕਸਦ ਨਾਲ ਹੁੰਦੇ ਹਨ।

ਜੱਜਾਂ ਦੀ ਨਿਯੁਕਤੀ ਦੇ ਕੋਲੇਜੀਅਮ ਸਿਸਟਮ ਦਾ ਬਚਾਅ ਕਰਦੇ ਹੋਏ ਚੀਫ ਜਸਟਿਸ ਨੇ ਕਿਹਾ ਕਿ ਇਸ ਦੀ ਚੋਣ ਪ੍ਰਕਿਰਿਆ ਅੱਜ ਹੋਰ ਲੋਕਤੰਤਰਿਕ ਨਹੀਂ ਹੋ ਸਕਦੀ।ਹਾਈ ਕੋਰਟਾਂ ਵਿੱਚ ਜੱਜਾਂ ਦੀ ਨਿਯੁਕਤੀ ਪ੍ਰਕਿਰਿਆ ਦਾ ਖੁਲਾਸਾ ਕਰਦੇ ਹੋਏ ਚੀਫ ਜਸਟਿਸ ਨੇ ਕਿਹਾ, ''ਜਦ ਕੋਈ ਹਾਈ ਕੋਰਟ ਤਜਵੀਜ਼ ਭੇਜੇ ਤਾਂ ਸਬੰਧਤ ਸੂਬਾ ਸਰਕਾਰ, ਗਵਰਨਰ, ਭਾਰਤ ਸਰਕਾਰ ਇਸ ਦਾ ਅਧਿਐਨ ਕਰਦੇ ਹਨ, ਜਿਸ ਦੇ ਬਾਅਦ ਇਸ ਨੂੰ ਸੁਪਰੀਮ ਕੋਰਟ ਕੋਲ ਭੇਜਿਆ ਜਾਂਦਾ ਹੈ।'' ਉਨ੍ਹਾਂ ਕਿਹਾ, ''ਸੁਪਰੀਮ ਕੋਰਟ ਦੇ ਸਿਖਰਲੇ ਤਿੰਨ ਜੱਜ ਸਾਰੇ ਹਿਤਧਾਰਕਾਂ ਦੇ ਸੁਝਾਵਾਂ ਦੇਮੁਤਾਬਕਇਸ ਦੀ ਵਿਚਾਰ ਕਰਦੇ ਹਨ ਅਤੇ ਇਸ ਦੇ ਬਾਅਦ ਤਜਵੀਜ਼ ਪਾਸ ਜਾਂ ਰੱਦ ਹੁੰਦੀ ਹੈ।''

ਜਸਟਿਸ ਰਮੰਨਾ ਇੱਥੇ ਅਮਰੀਕਾ ਦੇ ਸੁਪਰੀਮ ਕੋਰਟ ਦੇ ਜੱਜ ਸਟੀਫਨ ਬ੍ਰੇਅਰ ਦੇ ਨਾਲ 'ਦੂਸਰੇ ਤੁਲਨਾਤਮਕ ਸੰਵਿਧਾਨਕ ਕਾਨੂੰਨ ਚਰਚਾ' ਨੂੰ ਸੰਬੋਧਨ ਕਰ ਰਹੇ ਸਨ। ਚੀਫ ਜਸਟਿਸ ਨੇ ਕਿਹਾ ਕਿ ਜੱਜ ਬਣਨ ਦੇ ਬਾਅਦ ਰਾਜਨੀਤੀ ਪ੍ਰਾਸੰਗਿਕ ਨਹੀਂ ਹੁੰਦੀ ਅਤੇ ਜੱਜਾਂ ਦਾ ਮਾਰਗਦਰਸ਼ਨ ਸੰਵਿਧਾਨ ਹੀ ਕਰਦਾ ਹੈ। ਉਨ੍ਹਾਂ ਨੇ ਕਿਹਾ ਕਿ ਭਾਰਤ ਦੀ ਵਿਸ਼ਾਲ ਸਮਾਜਕ ਅਤੇ ਭੂਗੋਲਿਕ ਵੰਨਸੁਵੰਨਤਾ ਨਿਆਂਪਾਲਿਕਾ ਦੇ ਸਾਰੇ ਪੱਧਰਾਂ ਉੱਤੇਕੇਂਦਰਤ ਹੋਣੀ ਚਾਹੀਦੀ ਹੈ ਕਿਉਂਕਿ ਇਸ ਨਾਲ ਨਿਪੁੰਨਤਾ ਵਿੱਚ ਸੁਧਾਰ ਹੋਵੇਗਾ।ਚੀਫ ਜਸਟਿਸ ਨੇ ਕਿਹਾ ਕਿ ਉਹ ਜਸਟਿਸ ਬ੍ਰੇਅਰ ਦੀ ਇਸ ਸੋਚ ਨਾਲ ਸਹਿਮਤ ਹਨ ਕਿ 'ਜੱਜ ਦਾ ਕੰਮ ਰਾਜਨੀਤਕ ਨਹੀਂ, ਇਹ ਅਸਲ ਵਿੱਚ ਇੱਕ ਅਨੋਖਾ ਕਥਨ ਹੈ। ਇੱਕ ਵਾਰ ਜਦ ਅਸੀਂ ਸੰਵਿਧਾਨ ਦੀ ਸਹੁੰ ਚੁੱਕ ਲਈ, ਇੱਕ ਵਾਰ ਜਦ ਤੁਸੀਂ ਜੱਜ ਦੇ ਰੂਪ ਵਿੱਚ ਕੰਮ ਕਰਨਾ ਸ਼ੁਰੂ ਕਰ ਦਿੰਦੇ ਹੋ ਤਾਂ ਮੈਨੂੰ ਲੱਗਾ ਹੈ ਕਿ ਰਾਜਨੀਤੀ ਕੋਈ ਮਾਇਨੇ ਨਹੀਂ ਰੱਖਦੀ ਹੈ। ਇਹ ਸੰਵਿਧਾਨ ਹੈ, ਜੋ ਸਾਡਾ ਮਾਰਗਦਰਸ਼ਨ ਕਰਦਾ ਹੈ।'

# ਜੇ ਐਨ ਯੂ ਹਿੰਸਾ ਮਾਮਲੇ ਵਿਚ ਏ ਬੀ ਵੀ ਪੀ ਦੇ ਅਣਪਛਾਤੇ ਕਾਰਕੁਨਾਂ ਖਿਲਾਫ ਕੇਸ ਦਰਜ

* ਯੂਨੀਵਰਸਿਟੀ ਪ੍ਰਸ਼ਾਸਨ ਵੱਲੋਂ ਸਖਤ ਨੋਟਿਸ



ਨਵੀਂ ਦਿੱਲੀ, 12 ਅਪ੍ਰੈਲ (ਪੋਸਟ ਬਿਊਰੋ)- ਜਵਾਹਰ ਲਾਲ ਯੂਨੀਵਰਸਿਟੀ (ਜੇ ਐੱਨ ਯੂ) ਦੇ ਕਾਵੇਰੀ ਹੋਸਟਲ ਵਿੱਚ ਬੀਤੇ ਦਿਨ ਰਾਮਨੌਮੀ ਮੌਕੇ ਮੈਸ ਵਿੱਚ ਮਾਸਾਹਾਰੀ ਖਾਣਾ ਪਰੋਸੇ ਜਾਣ ਦੇ ਮੁੱਦੇ ਉੱਤੇ ਵਿਦਿਆਰਥੀਆਂ ਦੇ ਦੋ ਧੜਿਆਂ ਵਿਚਾਲੇ ਹੋਈ ਝੜਪ ਬਾਰੇ ਦਿੱਲੀ ਪੁਲਸ ਨੇ ਕੱਲ੍ਹ ਏ ਬੀ ਵੀ ਪੀ ਦੇ ਅਣਪਛਾਤੇ ਮੈਂਬਰਾਂ ਉੱਤੇ ਕੇਸ ਦਰਜ ਕੀਤਾ ਹੈ। ਇਸ ਘਟਨਾ ਵਿੱਚ ਛੇ ਵਿਦਿਆਰਥੀ ਜ਼ਖਮੀ ਹੋ ਗਏ ਸਨ। ਇਸੇ ਦੌਰਾਨ ਯੂਨੀਵਰਸਿਟੀ ਪ੍ਰਸ਼ਾਸਨ ਨੇ ਘਟਨਾ ਦਾ ਸਖਤ ਨੋਟਿਸ ਲੈਂਦਿਆਂ ਵਿਦਿਆਰਥੀਆਂ ਨੂੰ ਸਦਭਾਵਨਾ ਬਣਾਈ ਰੱਖਣ ਦੀ ਅਪੀਲ ਕੀਤੀ ਹੈ। ਦੂਜੇ ਪਾਸੇ ਇਸ ਹਿੰਸਾ ਦੇ ਰੋਸ ਵਜੋਂ ਕੱਲ੍ਹ ਯੂਨੀਵਰਸਿਟੀ ਦੀਆਂ ਵਿਦਿਆਰਥੀ ਜਥੇਬੰਦੀਆਂ ਨੇ ਦਿੱਲੀ ਪੁਲਸ ਦੇ ਹੈੱਡਕੁਆਰਟਰ ਮੂਹਰੇ ਰੋਸ ਮੁਜ਼ਾਹਰਾ ਕਰਦਿਆਂ ਪੁਲਸ ਉੱਤੇ ਤਸ਼ੱਦਦ ਕਰਨ ਦਾ ਦੋਸ਼ ਲਾਇਆ ਹੈ।

ਦਿੱਲੀ ਪੁਲਸ ਨੇ ਅਖਿਲ ਭਾਰਤੀ ਵਿਦਿਆਰਥੀ ਪ੍ਰੀਸ਼ਦ (ਏ ਬੀ ਵੀ ਪੀ) ਨਾਲ ਜੁੜੇ ਕਈ ਅਣਪਛਾਤੇ ਬੰਦਿਆਂ ਦੇ ਵਿਰੁੱਧ ਕੇਸ ਦਰਜ ਕੀਤੀ ਹੈ। ਪੁਲਸ ਦੇ ਡਿਪਟੀ ਕਮਿਸ਼ਨਰ (ਦੱਖਣੀ-ਪੱਛਮੀ) ਨੇ ਕਿਹਾ, ''ਸਾਨੂੰ ਕੱਲ੍ਹ ਸਵੇਰੇ ਜੇ ਐਨ ਯੂ ਐਸ ਯੂ, ਐਸ ਐਫ ਆਈ, ਡੀ ਐਸ ਐਫ ਅਤੇ ਏ ਆਈ ਐਸ ਏ ਦੇ ਵਿਦਿਆਰਥੀਆਂ ਨੇ ਅਣਪਛਾਤੇ ਏ ਬੀ ਵੀ ਪੀ ਵਰਕਰਾਂ ਦੇ ਖਿਲਾਫ ਸ਼ਿਕਾਇਤ ਦਿੱਤੀ ਹੈ। ਅਸੀਂ ਵਸੰਤ ਕੁੰਜ (ਉਤਰੀ) ਥਾਣੇ ਵਿੱਚ ਕੇਸ ਦਰਜ ਕੀਤਾ ਹੈ। ਦੋਸ਼ੀਆਂ ਦੀ ਪਛਾਣ ਕਰਨ ਲਈ ਜਾਂਚ ਜਾਰੀ ਹੈ।''ਦੂਜੇ ਪਾਸੇ ਇਸ ਘਟਨਾ ਦੇ ਰੋਸ ਵਜੋਂ ਦਿੱਲੀ ਅਤੇ ਲਖਨਊ ਵਿੱਚ ਰੋਸ ਪ੍ਰਦਰਸ਼ਨ ਕਰਦੇ ਵਿਦਿਆਰਥੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਆਲ ਇੰਡੀਆ ਸਟੂਡੈਂਟਸ ਐਸੋਸੀਏਸ਼ਨ (ਆਇਸਾ) ਦੇ ਮੈਂਬਰਾਂ ਨੂੰ ਕੱਲ੍ਹ ਦਿੱਲੀ ਪੁਲਸ ਦੇ ਹੈਡਕੁਆਰਟਰ ਬਾਹਰ ਰੋਸ ਪ੍ਰਦਰਸ਼ਨ ਕਰਦੇ ਸਮੇਂ ਹਿਰਾਸਤ ਵਿੱਚ ਲਿਆ ਗਿਆ ਸੀ।

ਆਇਸਾ ਅਨੁਸਾਰ 20 ਪ੍ਰਦਰਸ਼ਨਕਾਰੀਆਂ ਨੂੰ ਸਰਦਾਰ ਪਟੇਲ ਭਵਨ ਤੋਂ ਹਿਰਾਸਤ ਵਿੱਚ ਲੈ ਕੇ ਤੁਗਲਕ ਰੋਡ ਥਾਣੇ ਲਿਜਾਇਆ ਗਿਆ। ਦਿੱਲੀ ਦੇ ਗ੍ਰਹਿ ਮੰਤਰੀ ਸਤੇਂਦਰ ਜੈਨ ਨੇ ਕਿਹਾ ਕਿ ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਦੇ ਕਾਵੇਰੀ ਹੋਸਟਲ ਵਿੱਚ ਵਿਦਿਆਰਥੀਆਂ ਦੀ ਝੜਪ ਇੱਕ ਮੰਦਭਾਗੀ ਘਟਨਾ ਸੀ। ਖੱਬੀਆਂ ਧਿਰਾਂ ਸੀ ਪੀ ਆਈ, ਸੀ ਪੀ ਆਈ (ਐਮ), ਸੀ ਪੀ ਆਈ (ਐਮ ਐਲ), ਆਰ ਐਸ ਪੀ ਅਤੇ ਏ ਆਈ ਐਫ ਬੀ ਨੇ ਏ ਬੀ ਵੀ ਪੀ ਕਾਰਕੁਨਾਂ ਖਿਲਾਫ ਸਖਤ ਕਾਰਵਾਈ ਦੀ ਮੰਗ ਕੀਤੀ ਹੈ।

# ਟਵਿੱਟਰ ਦੇ ਬੋਰਡ ਵਿੱਚ ਐਲਨ ਮਸਕ ਸ਼ਾਮਲ ਨਹੀਂ ਹੋਣਗੇ



ਨਿਊ ਯਾਰਕ, 12 ਅਪ੍ਰੈਲ (ਪੋਸਟ ਬਿਊਰੋ)- ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਅਤੇ ਟਵਿੱਟਰ ਦੇ ਸਭ ਤੋਂ ਵੱਡੇ ਸ਼ੇਅਰ ਹੋਲਡਰ ਐਲਨ ਮਸਕ ਨੇ ਇੰਟਰਨੈਟ ਮੀਡੀਆ ਕੰਪਨੀ ਦੇ ਬੋਰਡ ਵਿੱਚ ਸ਼ਾਮਲ ਹੋਣ ਤੋਂ ਨਾਂਹ ਕਰ ਦਿੱਤੀ ਹੈ। ਇਹ ਜਾਣਕਾਰੀ ਕੰਪਨੀ ਦੇ ਸੀ ਈ ਓ ਪਰਾਗ ਅਗਰਵਾਲ ਨੇ ਟਵੀਟ ਕਰ ਕੇ ਦਿੱਤੀ ਹੈ। ਉਨ੍ਹਾਂ ਭਵਿੱਖ ਵਿੱਚ ਕੰਪਨੀ ਵਿੱਚ ਵੱਡੇ ਬਦਲਾਅ ਨੂੰ ਲੈ ਕੇ ਚਿਤਾਵਨੀ ਵੀ ਦਿੱਤੀ ਹੈ।

ਵਰਨਣ ਯੋਗ ਹੈ ਕਿ ਐਲਨ ਮਸਕ ਦੇ ਕੋਲ ਟਵਿੱਟਰ ਦੇ 8.2 ਫੀਸਦੀ ਸ਼ੇਅਰ ਹਨ। ਉਨ੍ਹਾਂ ਨੂੰ ਬੋਰਡ ਵਿੱਚ ਸ਼ਾਮਲ ਕਰ ਕੇ ਕੰਪਨੀ ਉਨ੍ਹਾਂ ਅਫਵਾਹਾਂ ਉੱਤੇ ਰੋਕ ਲਾਉਣਾ ਚਾਹੁੰਦੀ ਸੀ, ਜਿਸ ਵਿੱਚ ਕਿਹਾ ਜਾ ਰਿਹਾ ਸੀ ਕਿ ਉਹ ਇੰਟਰਨੈਟ ਮੀਡੀਆ ਪਲੇਟਫਾਰਮ ਨੂੰ ਐਕੁਆਇਰ ਕਰ ਸਕਦੇ ਹਨ। ਜੇ ਐਲਨ ਮਸਕ ਕੰਪਨੀ ਦੇ ਬੋਰਡ ਵਿੱਚ ਸ਼ਾਮਲ ਹੋ ਜਾਂਦੇ ਤਾਂ ਉਹ ਨਿੱਜੀ ਤੌਰ ਉੱਤੇ ਜਾਂ ਸਮੂਹਿਕ ਤੌਰ ਉੱਤੇ ਟਵਿੱਟਰ ਵਿੱਚ 14.9 ਫੀਸਦੀ ਤੋਂ ਵੱਧ ਹਿੱਸੇ ਹਾਸਲ ਨਹੀਂ ਕਰ ਸਕਦੇ ਸਨ। ਇੰਨੀ ਹਿੱਸੇਦਾਰੀ ਹਾਸਲ ਕਰਨ ਤੋਂ ਬਾਅਦ ਉਹ ਐਕੁਆਇਰ ਕਰਨ ਦੀ ਸਥਿਤੀ ਵਿੱਚ ਆ ਜਾਂਦੇ। ਅਗਰਵਾਲ ਨੇ ਕਿਹਾ, ''ਬੋਰਡ ਵਿੱਚ ਐਲਨ ਮਸਕ ਦੀ ਨਿਯੁਕਤੀ ਅਧਿਕਾਰਤ ਤੌਰ ਉੱਤੇ ਨੌਂ ਅਪ੍ਰੈਲ ਤੋਂ ਹੋਣੀ ਸੀ, ਪਰ ਉਨ੍ਹਾਂ ਨੇ ਕਹਿ ਦਿੱਤਾ ਕਿ ਉਹ ਹਾਲੇ ਬੋਰਡ ਵਿੱਚ ਸ਼ਾਮਲ ਨਹੀਂ ਹੋਣਗੇ। ਮੈਨੂੰ ਆਸ ਹੈ ਕਿ ਉਨ੍ਹਾਂ ਨੇ ਇਹ ਫੈਸਲਾ ਬਿਹਤਰੀ ਲਈ ਲਿਆ ਹੋਵੇਗਾ।'' ਉਨ੍ਹਾਂ ਕਿਹਾ, ''ਮਸਕ ਸਾਡੇ ਸਭ ਤੋਂ ਵੱਡੇ ਸ਼ੇਅਰ ਹੋਲਡਰ ਹਨ ਅਤੇ ਉਨ੍ਹਾਂ ਦੀ ਸਲਾਹ ਦਾ ਅਸੀਂ ਹਮੇਸ਼ਾ ਸਵਾਗਤ ਕਰਾਂਗੇ।''ਇਸ ਨਾਲ ਅਫਵਾਹ ਨੂੰ ਰੋਕ ਲੱਗ ਗਈ ਹੈ।

# ਚਾਹਲ ਮਾਮਲੇ ਵਿੱਚ ਫ੍ਰੈਂਕਲਿਨ ਤੋਂ ਡਰਹਮ ਗੁਪਤ ਪੁੱਛਗਿੱਛ ਕਰੇਗਾ

ਲੰਡਨ, 12 ਅਪ੍ਰੈਲ (ਪੋਸਟ ਬਿਊਰੋ)- ਭਾਰਤੀ ਲੈਗ ਸਪਿਨਰ ਯੁਜਵੇਂਦਰ ਚਾਹਲ ਨਾਲ ਸਰੀਰਕ ਪੱਖੋਂ ਮਾੜਾ ਵਰਤਾਓ ਕਰਨ ਦਾ ਦੋਸ਼ ਲੱਗਣ ਤੋਂ ਬਾਅਦ ਡਰਹਮ ਕਾਊਂਟੀ ਕਲੱਬ ਆਪਣੇ ਮੁੱਖ ਕੋਚ ਜੇਮਸ ਫ੍ਰੈਂਕਲਿਨ ਤੋਂ ਪੁੱਛਗਿੱਛ ਕਰੇਗਾ। ਇਸ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਨਾਲ ਗੁਪਤ ਰੱਖਿਆ ਜਾਵੇਗਾ।

ਡਰਹਮ ਨੇ ਦੱਸਿਆ ਕਿ ਅਸੀਂ ਇਸ ਘਟਨਾ ਤੋਂ ਜਾਣੂ ਹਾਂ ਤੇ ਉਸ ਨਾਲ ਗੱਲ ਕਰਾਂਗੇ। ਵਰਨਣ ਯੋਗ ਹੈ ਕਿ ਇਸ ਸਾਲ ਦੇ ਸ਼ੁਰੂ ਵਿਚ ਇਕ ਚੈਟ-ਸ਼ੋਅ ਦੌਰਾਨ ਚਾਹਲ ਨੇ 2011 ਦੇ ਆਈ ਪੀ ਐਲ ਦਿਨਾਂ ਵਿਚ ਮੁੰਬਈ ਇੰਡੀਅਨਜ਼ ਦੇ ਆਪਣੇ ਸੀਨੀਅਰ ਸਾਥੀਆਂ ਫ੍ਰੈਂਕਲਿਨ ਅਤੇ ਐਂਡ੍ਰਿਊ ਸਾਈਮੰਡਸ ਉੱਤੇ ਸਰੀਰਕ ਤੌਰ ਨਾਲ ਮਾੜਾ ਵਰਤਾਓ ਕਰਨ ਦਾ ਦੋਸ਼ ਲਾਇਆ ਸੀ।ਚਾਹਲ ਨੇ ਕਿਹਾ ਸੀ ਕਿ ਇਹ ਦੋਵੇਂ ਖਿਡਾਰੀ ਉਸਦੇ ਹੱਥ-ਪੈਰ ਬੰਨ੍ਹ ਕੇ ਅਤੇ ਮੂੰਹ ਉੱਤੇ ਟੇਪ ਲਾ ਕੇ ਉਸ ਨੂੰ ਇਕੱਲੇ ਕਮਰੇ ਵਿੱਚ ਛੱਡ ਕੇ ਚਲੇ ਗਏ ਤੇ ਉਹ ਰਾਤ ਭਰ ਇਸੇ ਤਰ੍ਹਾਂ ਹੀ ਰਿਹਾ ਸੀ। ਅਜਿਹਾ ਚੈਂਪੀਅਨਸ ਲੀਗ ਫਾਈਨਲ ਜਿੱਤ ਦੇ ਜਸ਼ਨ ਦੌਰਾਨ ਹੋਇਆ ਸੀ। ਚਾਹਲ ਨੇ ਦੱਸਿਆ ਕਿ ਦੋਵੇਂ ਖਿਡਾਰੀ ਓਦੋਂ ਕਾਫ਼ੀ ਨਸ਼ੇ ਵਿੱਚ ਸਨ। ਉਸ ਨੇ ਕਿਹਾ,''ਉਹ ਨਸ਼ੇ ਵਿੱਚ ਇੰਨੇ ਧੁਤ ਸਨ ਕਿ ਮੈਨੂੰ ਖੋਲ੍ਹਣਾ ਭੁੱਲ ਗਏ। ਸਵੇਰੇ ਹੋਟਲ ਦਾ ਸਫ਼ਾਈ ਕ੍ਰਮਚਾਰੀ ਬੁਲਾ ਕੇ ਮੈਨੂੰ ਖੋਲ੍ਹਿਆ ਗਿਆ। ਬਾਅਦ ਵਿੱਚ ਲੋਕਾਂ ਨੇ ਇਸ ਘਟਨਾ ਨੂੰ ਇੱਕ ਮਜ਼ਾਕੀਆ ਕਹਾਣੀ ਦੇ ਰੂਪ ਵਿੱਚ ਪੇਸ਼ ਕੀਤਾ। ਇਸ ਘਟਨਾ ਤੋਂ ਬਾਅਦ ਦੋਵਾਂ ਨੇ ਮੇਰੇ ਤੋਂ ਕਦੇ ਮੁਆਫੀ ਨਹੀਂ ਮੰਗੀ।''

ਪਿੱਛੇ ਜਿਹੇ ਚਾਹਲ ਨੇ ਇੱਕ ਹੋਰ ਦਾਅਵਾ ਕੀਤਾ ਕਿ ਉਸ ਨੂੰ ਇੱਕ ਖ਼ਿਡਾਰੀ ਨੇ ਨਸ਼ੇ ਦੀ ਹਾਲਤ ਵਿੱਚ ਹੋਟਲ ਦੀ 15ਵੀਂ ਮੰਜ਼ਿਲ ਤੋਂ ਲਟਕਾ ਦਿੱਤਾ ਸੀ। ਫ੍ਰੈਂਕਲਿਨ ਨੂੰ 2019 ਵਿੱਚ ਡਰਹਮ ਦਾ ਮੁੱਖ ਕੋਚ ਅਤੇ ਕ੍ਰਿਕਟ ਡਾਈਰੈਕਟਰ ਬਣਾਇਆ ਗਿਆ ਸੀ। ਉਹ 2011 ਤੋਂ 2013 ਵਿਚਾਲੇ ਮੁੰਬਈ ਇੰਡੀਅਨਜ਼ ਦਾ ਹਿਸਾ ਸੀ ਤੇ 25 ਮੈਚ ਖੇਡੇ ਸਨ।

# ਇੰਡੋਨੇਸ਼ੀਆ ਵਿੱਚ ਚੋਣਾਂ ਵਿੱਚ ਦੇਰੀ ਦੇ ਸ਼ੱਕ ਤੋਂ ਵਿਦਿਆਰਥੀ ਭੜਕੇ





ਜਕਾਰਤਾ, 12 ਅਪ੍ਰੈਲ (ਪੋਸਟ ਬਿਊਰੋ)- ਇੰਡੋਨੇਸ਼ੀਆ ਵਿਚ 2024 ਦੀਆਂ ਰਾਸ਼ਟਰਪਤੀ ਚੋਣਾਂ ਮੁਲਤਵੀ ਕੀਤੇ ਜਾਣ ਬਾਰੇ ਫੈਲੀਆਂ ਅਫਵਾਹਾਂ ਦੇ ਵਿਰੁੱਧ ਕੱਲ੍ਹ ਹਜ਼ਾਰਾਂ ਵਿਦਿਆਰਥੀਆਂ ਨੇ ਪ੍ਰਦਰਸ਼ਨ ਕੀਤੇ ਹਨ। ਉਨ੍ਹਾ ਨੇ ਜਕਾਰਤਾ ਵਿੱਚਪਾਰਲੀਮੈਂਟ ਭਵਨ ਦੇ ਬਾਹਰ ਪ੍ਰਦਰਸ਼ਨ ਕੀਤਾ, ਜਿੱਥੇ ਪੁਲਸ ਨੇ ਉਨ੍ਹਾਂ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਛੱਡੇ ਤੇ ਪਾਣੀ ਦੀਆਂ ਬੁਛਾੜਾਂ ਮਾਰੀਆਂ। ਰਾਸ਼ਟਰਪਤੀ ਜੋਕੋ ਵਿਡੂਡੂ ਨੇ ਐਤਵਾਰ ਇਨ੍ਹਾਂ ਅਫਵਾਹਾਂ ਨੂੰ ਨਕਾਰਿਆ ਸੀ।

ਚੋਣਾਂ ਦੀਆਂ ਤਿਆਰੀਆਂ ਲਈ ਸੱਦੀ ਗਈ ਕੈਬਨਿਟ ਮੀਟਿੰਗ ਵਿੱਚ ਉਨ੍ਹਾਂ ਕਿਹਾ ਕਿ ਇਸ ਬਾਰੇ ਵਿਸਥਾਰ ਵਿੱਚ ਜਾਣਕਾਰੀ ਦੇਣ ਦੀ ਲੋੜ ਹੈ ਕਿ ਸਰਕਾਰ ਚੋਣਾਂ ਵਿੱਚ ਦੇਰੀ ਨਹੀਂ ਕਰ ਰਹੀ। ਅਧਿਕਾਰੀਆਂ ਨੇ ਰਾਸ਼ਟਰਪਤੀ ਭਵਨ ਅਤੇ ਪਾਰਲੀਮੈਂਟ ਵੱਲ ਜਾਂਦੀਆਂ ਸੜਕਾਂ ਉੱਤੇ ਸੁਰੱਖਿਆ ਬਲਾਂ ਦੀ ਤੈਨਾਤੀ ਕੀਤੀ ਹੋਈ ਸੀ। ਪ੍ਰਦਰਸ਼ਨਕਾਰੀ ਮੰਗ ਕਰਦੇ ਹਨ ਕਿ ਚੋਣਾਂ ਵਿੱਚ ਨਾ ਦੇਰੀ ਕੀਤੀ ਜਾਵੇ ਅਤੇ ਨਾ ਵਿਡੂਡੂ ਨੂੰ ਮੁੜ ਚੋਣਾਂ ਲੜਾਉਣ ਲਈ ਸੰਵਿਧਾਨ ਵਿੱਚ ਸੋਧ ਕੀਤੀ ਜਾਵੇ। ਕੁਝ ਪ੍ਰਦਰਸ਼ਨਕਾਰੀਆਂ ਨੇ ਪੁਲਸ ਉੱਤੇ ਪੱਥਰ ਤੇ ਬੋਤਲਾਂ ਸੁੱਟ ਕੇਪਾਰਲੀਮੈਂਟ ਭਵਨ ਵੱਲ ਜਾਣਾ ਚਾਹਿਆ, ਪਰ ਪੁਲਸ ਨੇ ਉਨ੍ਹਾਂ ਨੂੰ ਰਾਹ ਵਿੱਚ ਹੀ ਰੋਕ ਦਿੱਤਾ। ਅਜਿਹੇ ਪ੍ਰਦਰਸ਼ਨ ਬਾਂਡੁੰਗ, ਯੋਗਿਆਕਾਰਤਾ, ਮਕਾਸਰ ਅਤੇ ਪੋਂਟੀਆਂਨਕ ਸਮੇਤ ਹੋਰ ਸ਼ਹਿਰਾਂ ਵਿੱਚ ਵੀ ਹੋਏ ਹਨ।

# ਤੇਜ ਪ੍ਰਤਾਪ ਵੱਲੋਂ ਨਿਤੀਸ਼ ਕੁਮਾਰ ਨੂੰ ਮਹਾਗੱਠਜੋੜ ਵਿੱਚ ਮੁੜ ਸ਼ਾਮਲ ਹੋਣ ਦਾ ਸੱਦਾ

ਪਟਨਾ, 12 ਅਪ੍ਰੈਲ (ਪੋਸਟ ਬਿਊਰੋ)- ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਦੇ ਵੱਡੇ ਪੁੱਤਰ ਤੇਜ ਪ੍ਰਤਾਪ ਯਾਦਵ ਨੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਮਹਾਗੱਠਜੋੜ ਵਿੱਚ ਮੁੜ ਸ਼ਾਮਲ ਹੋਣ ਦਾ ਸੱਦਾ ਦਿੱਤਾ ਹੈ। ਇਹ ਸੱਦਾ ਤੇਜ ਪ੍ਰਤਾਪ ਨੇ ਟਵਿੱਟਰ ਉੱਤੇ ਦਿੱਤਾ ਹੈ। ਉਸ ਨੇ ਫਰੇਮ ਦੇ ਇੱਕ ਪਾਸੇ ਆਪਣੀ ਤਸਵੀਰ ਨਾਲ ਪੋਸਟਰ ਸਾਂਝਾ ਕੀਤਾ ਤੇ ਦੂਜੇ ਪਾਸੇ 'ਐਂਟਰੀ ਨਿਤੀਸ਼ ਚਾਚਾ ਅੰਕਲ' ਲਿਖਿਆ ਹੈ।

ਤੇਜ ਪ੍ਰਤਾਪ ਦਾ ਇਹ ਸੱਦਾ ਉਸ ਵੇਲੇ ਆਇਆ ਹੈ ਜਦੋਂ ਭਾਜਪਾ ਤੇ ਜਨਤਾ ਦਲ ਯੂਨਾਈਟਿਡ ਦਾ ਕਈ ਮੁੱਦਿਆਂ ਉੱਤੇ ਟਕਰਾਅ ਚੱਲ ਰਿਹਾ ਹੈ, ਜਿਨ੍ਹਾਂ ਵਿੱਚ ਜਾਤੀ ਆਧਾਰਤ ਜਨਗਣਨਾ, ਬਿਹਾਰ ਵਿੱਚ ਐਫ ਡੀ ਏ ਦੀ ਅਗਵਾਈ, ਸ਼ਰਾਬ ਉੱਤੇ ਪਾਬੰਦੀ ਤੇ ਕਾਨੂੰਨ ਪ੍ਰਣਾਲੀ ਦੇ ਮਾਮਲੇ ਸ਼ਾਮਲ ਹਨ। ਇਸ ਤੋਂ ਪਹਿਲਾਂ ਭਾਜਪਾ ਆਗੂ ਅਤੇ ਮੰਤਰੀ ਜਨਕ ਰਾਮ ਨੇ ਦਾਅਵਾ ਕੀਤਾ ਸੀ ਕਿ ਬਿਹਾਰ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ 77 ਸੀਟਾਂ ਨਾਲ ਵੱਡੀ ਪਾਰਟੀ ਵਜੋਂ ਉਭਰੀ ਹੈ, ਜਨਤਾ ਦਲ ਯੂ ਨੂੰ ਸਿਰਫ 45 ਸੀਟਾਂ ਮਿਲੀਆਂ ਹਨ। ਇਸ ਕਰ ਕੇ ਮੁੱਖ ਮੰਤਰੀ ਭਾਜਪਾ ਦੇ ਕੋਟੇ ਦਾ ਹੋਣਾ ਚਾਹੀਦਾ ਹੈ। ਉਨ੍ਹਾਂ ਮਸਜਿਦਾਂ ਵਿੱਚ ਨਮਾਜ਼ ਅਦਾ ਕਰਨ ਵੇਲੇ ਲਾਊਡ ਸਪੀਕਰਾਂ ਉੱਤੇ ਪਾਬੰਦੀ ਦੀ ਵਕਾਲਤ ਕੀਤੀ ਸੀ। ਵਰਨਣਯੋਗ ਹੈ ਕਿ ਸਾਲ 2015 ਵਿੱਚ ਨਿਤੀਸ਼ ਕੁਮਾਰ ਦੀ ਅਗਵਾਈ ਹੇਠ ਜਨਤਾ ਦਲ ਯੂਨਾਈਟਿਡ ਨੇ ਰਾਸ਼ਟਰੀ ਜਨਤਾ ਦਲ ਤੇ ਕਾਂਗਰਸ ਨਾਲ ਮਿਲ ਕੇ ਚੋਣਾਂ ਲੜੀਆਂ ਤੇ ਸਰਕਾਰ ਬਣਾਈ ਸੀ। ਓਦੋਂ ਜਨਤਾ ਦਲ ਯੂਨਾਈਟਿਡ ਨੂੰ 69 ਸੀਟਾਂ ਤੇ ਰਾਸ਼ਟਰੀ ਜਨਤਾ ਦਲ ਨੂੰ ਅੱਸੀ ਮਿਲੀਆਂ ਸਨ, ਪਰ ਲਾਲੂ ਨੇ ਮੁੱਖ ਮੰਤਰੀ ਦਾ ਅਹੁਦਾ ਨਿਤੀਸ਼ ਕੁਮਾਰ ਨੂੰ ਦੇ ਦਿੱਤਾ ਸੀ।

# ਚਰਿੱਤਰ ਉੱਤੇ ਸ਼ੱਕ ਕਾਰਨ ਪਤਨੀ ਘਰ ਵਿੱਚ ਕੈਦ ਕੀਤੀ

ਬੀਡ, 12 ਅਪ੍ਰੈਲ (ਪੋਸਟ ਬਿਊਰੋ)- ਮਹਾਰਾਸ਼ਟਰ ਦੇ ਬੀਡ ਵਿੱਚ ਸਮਾਜਸੇਵੀ ਵਰਕਰਾਂ ਨੇ ਇੱਕ ਔਰਤ ਨੂੰ ਉਸ ਦੇ ਘਰ ਵਿੱਚੋਂ ਮੁਕਤ ਕਰਵਾਇਆ ਹੈ। ਔਰਤ ਨੂੰ ਉਸ ਦੇ ਪਤੀ ਵੱਲੋਂ ਚਰਿੱਤਰ ਉੱਤੇ ਸ਼ੱਕ ਦੇ ਦੋਸ਼ ਵਿੱਚ 10 ਸਾਲ ਤੋਂ ਘਰ ਵਿੱਚ ਕੈਦ ਕਰ ਕੇ ਰੱਖਿਆ ਹੋਇਆ ਸੀ। ਔਰਤ ਨੂੰ ਇਲਾਜ ਲਈ ਹਸਪਤਾਲ ਭਰਤੀ ਕਰਾਇਆ ਗਿਆ ਹੈ।

ਬੀਡ ਸ਼ਹਿਰ ਦੇ ਜਾਲਨਾ ਰੋਡ ਇਲਾਕੇ ਵਿੱਚ ਚਾਲੀ ਸਾਲਾ ਔਰਤ ਨੂੰ 10 ਸਾਲ ਤੋਂ ਘਰ ਵਿੱਚ ਕੈਦ ਰੱਖੇ ਜਾਣ ਦੀ ਜਾਣਕਾਰੀ ਸਮਾਜਸੇਵੀ ਵਰਕਰ ਵਕੀਲ ਸੰਗੀਤਾ ਧਸੇ ਨੂੰ ਮਿਲੀ ਤਾਂ ਉਨ੍ਹਾਂ ਨੇ ਕੱਲ੍ਹ ਸਵੇਰੇ ਸ਼ਿਵਾਜੀ ਨਗਰ ਥਾਣੇ ਵਿੱਚ ਆ ਕੇ ਸ਼ਿਕਾਇਤ ਦਰਜ ਕਰਵਾਈ। ਇਸ ਦੇ ਬਾਅਦ ਪੁਲਸ ਨੇ ਔਰਤ ਦੇ ਪਤੀ ਦੇ ਘਰ ਛਾਪਾ ਮਾਰ ਕੇ ਉਸ ਔਰਤ ਨੂੰ ਆਜ਼ਾਦ ਕਰਵਾਇਆ। ਪੀੜਤਾ ਦੇ ਦੋ ਬੱਚੇ ਹਨ। ਉਸ ਦਾ ਪਤੀ ਉਸ ਨੂੰ ਘਰ ਵਿੱਚ ਹੱਥ-ਪੈਰ ਬੰਨ੍ਹ ਕੇ ਰੱਖਦਾ ਸੀ। ਬੱਚੇ ਵੀ ਪਿਤਾ ਦੀ ਦਹਿਸ਼ਤ ਵਿੱਚ ਸਨ। ਔਰਤ ਨੂੰ ਤਿੰਨ ਦਿਨਾਂ ਤੋਂ ਖਾਣਾ ਨਹੀਂ ਦਿੱਤਾ ਗਿਆ ਸੀ।






# ਜ਼ਿਲ੍ਹਾ ਪ੍ਰਸ਼ਾਸ਼ਨ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਲੋੜਵੰਦਾਂ ਤੱਕ ਪਹੁੰਚ ਕਰੇਗਾ: ਡਿਪਟੀ ਕਮਿਸ਼ਨਰ

ਮੋਗਾ, 12 ਅਪ੍ਰੈਲ (ਗਿਆਨ ਸਿੰਘ)– ਸਮਾਜ ਵਿੱਚ ਸਹੀ ਅਤੇ ਲੋੜਵੰਦ ਲੋਕਾਂ ਦੀ ਪਹਿਚਾਣ ਕਰਨ, ਸਰਕਾਰ ਦੀਆਂ ਲੋਕ ਭਲਾਈ ਸਕੀਮਾਂ ਦਾ ਆਮ ਲੋਕਾਂ ਵਿੱਚ ਪ੍ਰਚਾਰ ਕਰਨ ਅਤੇ ਉਹਨਾਂ ਸਕੀਮਾਂ ਦਾ ਲਾਭ ਸਹੀ ਅਤੇ ਲੋੜਵੰਦ ਲੋਕਾਂ ਤੱਕ ਪਹੁੰਚਦਾ ਕਰਨ ਲਈ ਸਮਾਜ ਸੇਵੀ ਸੰਸਥਾਵਾਂ ਬਹੁਤ ਵੱਡਾ ਯੋਗਦਾਨ ਪਾਉਂਦੀਆਂ ਹਨ। ਸਾਡੀ ਕੋਸ਼ਿਸ਼ ਰਹੇਗੀ ਕਿ ਅਸੀਂ ਲੋੜਵੰਦ ਲੋਕਾਂ ਤੱਕ ਪਹੁੰਚ ਕਰਨ ਲਈ ਸਮਾਜ ਸੇਵੀ ਸੰਸਥਾਵਾਂ ਦਾ ਸਹਿਯੋਗ ਲਵਾਂਗੇ। ਇਹ ਪ੍ਰਗਟਾਵਾ ਜਿਲ੍ਹਾ ਮੋਗਾ ਦੇ ਨਵਨਿਯੁਕਤ ਡਿਪਟੀ ਕਮਿਸ਼ਨਰ ਸ. ਕੁਲਵੰਤ ਸਿੰਘ ਨੇ ਆਪਣੇ ਦਫਤਰ ਵਿੱਚ ਜਿਲ੍ਹਾ ਐਨ.ਜੀ.ਓ. ਕੋਅਰਡੀਨੇਸ਼ਨ ਕਮੇਟੀ ਦੇ ਵਫ਼ਦ ਨਾਲ ਮੀਟਿੰਗ ਦੌਰਾਨ ਕੀਤਾ। ਮੋਗਾ ਜਿਲ੍ਹੇ ਦੀਆਂ 65 ਦੇ ਕਰੀਬ ਪੇਂਡੂ ਅਤੇ ਸ਼ਹਿਰੀ ਸਮਾਜ ਸੇਵੀ ਸੰਸਥਾਵਾਂ ਵੱਲੋਂ ਗਠਿਤ ਕੀਤੀ ਗਈ ਜਿਲ੍ਹਾ ਐਨ.ਜੀ.ਓ. ਕੋਆਰਡੀਨੇਸ਼ਨ ਕਮੇਟੀ ਦਾ 31 ਮੈਂਬਰੀ ਵਫਦ ਜ਼ਿਲ੍ਹਾ ਕੋਆਰਡੀਨੇਟਰ ਦਰਸ਼ਨ ਸਿੰਘ ਵਿਰਦੀ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਮੋਗਾ ਨੂੰ ਉਹਨਾਂ ਦੇ ਦਫ਼ਤਰ ਮਿਲਿਆ।



ਪਹਿਲਾਂ ਉਹਨਾਂ ਨੂੰ ਮੋਗਾ ਜ਼ਿਲ੍ਹਾ ਵਿੱਚ ਬਤੌਰ ਡਿਪਟੀ ਕਮਿਸ਼ਨਰ ਅਹੁਦਾ ਸੰਭਾਲਣ ਤੇ ਮੁਬਾਰਕਬਾਦ ਦਿੱਤੀ ਤੇ ਸਵਾਗਤ ਕੀਤਾ। ਉਹਨਾਂ ਤੋ ਮੰਗ ਕੀਤੀ ਕਿ ਆਮ ਲੋਕਾਂ ਤੱਕ ਸਰਕਾਰ ਦੀਆਂ ਭਲਾਈ ਸਕੀਮਾਂ ਦਾ ਪ੍ਰਚਾਰ ਕਰਨ, ਸਹੀ ਅਤੇ ਲੋੜਵੰਦ ਲੋਕਾਂ ਦੀ ਪਹਿਚਾਣ ਕਰਨ ਤੇ ਉਹਨਾਂ ਤੱਕ ਬਣਦਾ ਲਾਭ ਪਹੁੰਚਦਾ ਕਰਨ ਲਈ ਐਨ.ਜੀ.ਓ. ਕੋਆਰਡੀਨੇਸ਼ਨ ਕਮੇਟੀ ਵਿੱਚ ਸ਼ਾਮਲ ਸਮਾਜ ਸੇਵੀ ਸੰਸਥਾਵਾਂ ਦੀ ਸਾਰੇ ਸਰਕਾਰੀ ਅਤੇ ਗੈਰ ਸਰਕਾਰੀ ਵਿਭਾਗਾਂ ਦੇ ਮੁਖੀਆਂ ਨਾਲ ਇੱਕ ਮੀਟਿੰਗ ਦਾ ਆਯੋਜਨ ਕੀਤਾ ਜਾਵੇ, ਜਿਸ ਵਿਚ ਉਹ ਆਪਣੇ ਵਿਭਾਗਾਂ ਦੀਆਂ ਲੋਕ ਭਲਾਈ ਸਕੀਮਾਂ ਦੀ ਜਾਣਕਾਰੀ ਐਨ.ਜੀ.ਓ ਸੰਸਥਾਵਾਂ ਨੂੰ ਦੇਣ ਤਾਂ ਜੋ ਉਹ ਇਸ ਜਾਣਕਾਰੀ ਦਾ ਵੱਧ ਤੋਂ ਵੱਧ ਪ੍ਰਚਾਰ ਕਰ ਸਕਣ। ਡਿਪਟੀ ਕਮਿਸ਼ਨਰ ਨੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਇਹ ਖੁਸ਼ੀ ਵਾਲੀ ਗੱਲ ਹੈ ਕਿ ਪ੍ਰਸ਼ਾਸਨ ਦੇ ਸਹਿਯੋਗ ਲਈ ਐਨ.ਜੀ.ਓ. ਸੰਸਥਾਵਾਂ ਨੇ ਖੁਦ ਪਹੁੰਚ ਕੀਤੀ ਹੈ।

ਡਿਪਟੀ ਕਮਿਸ਼ਨਰ ਨੇ ਸਾਰੇ ਮੈਂਬਰਾਂ ਤੋਂ ਉਹਨਾ ਦੀਆ ਸੰਸਥਾਵਾਂ ਵੱਲੋਂ ਕੀਤੇ ਜਾਂਦੇ ਕੰਮਾਂ ਦੀ ਜਾਣਕਾਰੀ ਹਾਸਲ ਕੀਤੀ ਅਤੇ ਐਨ.ਜੀ.ਓ. ਸੰਸਥਾਵਾਂ ਨਾਲ ਮਿਲ ਕੇ ਕੀਤੇ ਜਾ ਸਕਣ ਵਾਲੇ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੱਤੀ। ਉਹਨਾਂ ਵਫਦ ਨੂੰ ਭਰੋਸਾ ਦਿੱਤਾ ਕਿ ਜਲਦੀ ਹੀ ਮੀਟਿੰਗ ਕੀਤੀ ਜਾਵੇਗੀ।

## 8.42 ਕਰੋੜ ਰੁਪਏ ਦੇ ਪੁਰਾਣੇ ਨਕਲੀ ਨੋਟ ਬਰਾਮਦ, ਚਾਰ ਗ੍ਰਿਫਤਾਰ

ਜੀਂਦ, 12 ਅਪ੍ਰੈਲ (ਪੋਸਟ ਬਿਊਰੋ)– ਹਰਿਆਣਾ ਦੇ ਜੀਂਦ ਜ਼ਿਲ੍ਹੇ ਦੇ ਹਾਡਵਾ ਪਿੰਡ ਵਿੱਚ ਸਾਬਕਾ ਸਰਪੰਚ ਦੇ ਘਰ ਤੋਂ ਐਤਵਾਰ ਦੇਰ ਰਾਤ ਅੱਠ ਕਰੋੜ 42 ਲੱਖ ਸੱਠ ਹਜ਼ਾਰ ਰੁਪਏ ਦੇ ਪੁਰਾਣੇ ਜਾਅਲੀ ਨੋਟ ਮਿਲੇ ਹਨ ਤੇ ਇਸ ਸੰਬੰਧ ਵਿੱਚ ਚਾਰ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਨੋਟਾਂ ਦਾ ਸੌਦਾ 25 ਫੀਸਦੀ ਉੱਤੇ ਕੀਤਾ ਗਿਆ ਸੀ।

ਪੁਲਸ ਵੱਲੋਂ ਦਿੱਤੀ ਜਾਣਕਾਰੀ ਮੁਤਾਬਕ ਪਾਣੀਪਤ ਜ਼ਿਲੇ ਦੇ ਸੁਨੀਲ ਨਾਂਅ ਦੇ ਵਿਅਕਤੀ ਨੇ ਸਾਬਕਾ ਸਰਪੰਚ ਦੇ ਬੇਟੇ ਸੰਜੇ ਨੂੰ ਵੀਹ ਕਰੋੜ ਰੁਪਏ ਦੇ ਪੁਰਾਣੇ ਨਕਲੀ ਨੋਟਾਂ ਦੀ ਸਪਲਾਈ ਕਰਨ ਲਈ ਕਿਹਾ ਸੀ ਜਿਸ ਵਿੱਚੋਂ ਕਰੀਬ ਸਾਢੇ ਅੱਠ ਕਰੋੜ ਰੁਪਏ ਦੇ ਜਾਅਲੀ ਨੋਟ ਛਾਪ ਲਏ ਗਏ ਤੇ ਸਪਲਾਈ ਲਈ ਇਸ ਨੂੰ ਲੈ ਜਾਣ ਤੋਂ ਪਹਿਲਾਂ ਪੁਲਸ ਨੇ ਨਕਲੀ ਪੁਰਾਣੇ ਨੋਟ ਜ਼ਬਤ ਕਰ ਲਏ।







# ਲੜਕੇ ਦੀ ਲੋੜ

ਕੈਨੇਡਾ ਦੀ ਪੀ.ਆਰ. 33 ਸਾਲਾ, 5 ਫੁੱਟ 6 ਇੰਚ ਸਿੱਖ ਕੰਬੋਜ ਲੜਕੀ ਲਈ ਯੋਗ ਵਰ ਦੀ ਲੋੜ ਹੈ। ਲੜਕੀ ਨੇ ਭਾਰਤ ਤੋਂ ਬੀ.ਡੀ.ਐੱਸ. ਡਿਗਰੀ ਕੀਤੀ ਹੈ ਅਤੇ ਕੈਨੇਡਾ ਆ ਕੇ ਡੈਂਟਲ ਹਾਈਜੀਨ ਦਾ ਕੋਰਸ ਕੀਤਾ ਹੈ। ਅਣਭੋਲ ਹਾਲਾਤ ਵਿਚ ਉਸ ਦਾ ਡਾਈਵੋਰਸ ਹੋ ਚੁੱਕਾ ਹੈ ਅਤੇ ਉਹ ਆਪਣਾ ਗ੍ਰਹਿਸਤੀ ਜੀਵਨ ਨਵੇਂ ਸਿਰਿਉਂ ਆਰੰਭ ਕਰਨਾ ਚਾਹੁੰਦੀ ਹੈ। ਜ਼ਾਤ-ਪਾਤ ਦਾ ਕੋਈ ਬੰਧਨ ਨਹੀਂ। ਇਸ ਸਬੰਧੀ ਫ਼ੋਨ 226-627-0048 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com




# ਲੜਕੀ ਦੀ ਲੋੜ

ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

# ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ। ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੈਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013



























## Urgently Need New Listings in Brampton/Caledon

visit: www.teamjagaujla.com

Call **JAG AUJLA**
MCNE, REAL ESTATE BROKER
DIR: 416-371-7777
j.aujla@rogers.com
www.jagaujla.com

## CALL JAG FOR A QUICK & FREE HOME EVALUATION
www.BramptonTopRealtor.com
www.BramptonTopAgent.com

## RECENTLY LISTED/SOLD IN YOUR NEIGHBOURHOOD BY JAG AUJLA

**JUST LISTED FOR SALE**
* Premium Lot
* Approx. 2 Years New
* Over 2500 Square Feet
* 4 Bedroom + 3 W.R.
* Family Room Open To Above
* Computer Loft
* Main Floor Laundry
* Loaded With Upgrades

BRANTFORD, ONTARIO — Call Jag Aujla For Details

**JUST LISTED FOR SALE**
* 70 Feet Wide Prem. Lot
* 4+2 Bedrooms + 6 Washroom + Upgraded
* 2 Bedroom Legal Basement Apt.
* Fully Renovated
* Approx 4000 S/F Living space
* Almost Everything New

* Spent over $200k on upgrades
BRAMPTON, ONTARIO — Call Jag Aujla For Details

SOLD $215,000 OVER ASKING IN 2 DAYS — 42 Lawnview Crt, Sandalwood /Hwy 10 / Braidwood
SOLD $101,000 OVER ASKING IN 2 DAYS — 11 Germain Circ, Miss.Rd/ William Pkwy/ Bovaird
SOLD $165,000 OVER ASKING IN 2 DAYS — 5 Mitchell Ave, Sandalwood/ Conestoga/ Dalzell
SOLD @101% OF ASKING PRICE — 12 Laurelcrest St, Queen / Laurelcrest / Hwy 410
SOLD $260,000 OVER ASKING IN 4 DAYS — 10 Lady Stewart Blvd, Howden / William Pkwy/ Hwy 410
SOLD @99% OF ASKING PRICE — 11 Van Hoof Crest, Castlemore/ Goreway / Latania
SOLD $121,000 OVER ASKING IN 6 DAYS Caledon — 42 Pinedale Ave, Kennedy / Dougall
SOLD $73,000 OVER ASKING IN 6 DAYS Shelbourne — 416 Olde Village Lane, Hwy 89 / Greenwood
SOLD $355,000 OVER ASKING IN 4 DAYS — 37 Esker Dr, Heart Lake Rd/Sandalwood Pkwy

**FREE**
- Full MLS Services
- Consistently Marketing Your Property Until SOLD
- Staging Consultation
- Billboard, Flyer, Newspaper
- Online Promotion
- Professional Pictures and Virtual Tour
- Social media & Radio Advertisement
- Open House Until Sold
- Competitive Rates, Exceptional Service & Award Winning Results

RE/MAX Realty Specialists Inc. Brokerage (Independently Owned and Operated)
Off: 905-456-3232
Call JAG AUJLA DIR: 416-371-7777
MCNE, REAL ESTATE BROKER
NOT INTENDED TO SOLICIT BUYERS OR SELLER CURRENTLY UNDER CONTRACT
March 2022



## ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ
## ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative
Tel: 905.793.5777
416.802.5866
31 Melanie Dr. Unit #4 Brampton, ON L6T 5H8

**SOLD — $1,399,999 — CASTLEMORE/GOREWAY**
ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈੱਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ,ਫਾਰਮਲ ਲਿਵਿੰਗ, ਡਾਈਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿਜ, 2 ਸਟੋਪ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ

**FOR SALE — $1,749,900 — 8337 ਗਲਫ ਲਾਈਨ**
401 & ਗਲਫ ਲਾਈਨ ਏਰੀਆ ਵਿਚ 2.61 ਏਕੜ ਲਾਟ ਵਿਚ ਬਣਿਆ ਬਹੁਤ ਹੀ ਸੁੰਦਰ ਘਰ। ਜਿਸ ਵਿਚ 2 ਬੈਡਰੂਮ, 1 ਵਾਸ਼ਰੂਮ ਹੈ। ਆਪਣਾ ਮਨਪਸੰਦ ਦਾ ਕਸਟਮ ਡਰੀਮ ਹਾਊਸ ਬਣਾਉਣ ਲਈ ਪਰਮਿਟ ਅਪਰੂਵਡ। ਹਾਈਵੇ 410 ਅਤੇ ਟਾਊਨ ਆਫ ਮਿਲਟਨ ਦੇ ਨਜ਼ਦੀਕ। ਏਅਰਪੋਰਟ ਤੋਂ ਕੁਝ ਹੀ ਮਿੰਟਾਂ ਦੀ ਦੂਰੀ ਉਤੇ। ਹੋਰ ਜਿਆਦਾ ਜਾਣਕਾਰੀ ਲਈ ਕਾਲ ਕਰੋ: 416-802-5866

**FOR SALE — $1,950,000 — 26 Yellow RomeRd**
ਕੈਸਲਮੋਰ/ਗੋਰਵੇ
ਕੈਸਲਮੋਰ/ਗੋਰਵੇ ਦੇ ਏਰੀਆ ਵਿਚ ਬਹੁਤ ਹੀ ਸੁੰਦਰ ਫੁਲੀ ਅਪਗ੍ਰੇਡਡ ਘਰ। 4 ਬੈਡਰੂਮ ਵਿਦ ਇਨਸੁਟ ਅਤੇ ਵਾਕਇਨ ਕਲਾਜ਼ਿਟ, ਮਾਡਰਨ ਕਿਚਨ ਗ੍ਰੇਨਾਈਟ ਕਊਂਟਰ ਟਾਪ ਦੇ ਨਾਲ। 2 ਬੈਡਰੂਮਜ਼ ਦੀ ਫਿਨਿਸ਼ਡ ਬੇਸਮੇਂਟ ਵਿਦ ਸੈਪਰੇਟ ਐਂਟਰੈਂਸ, 6 ਵਾਸ਼ਰੂਮ, 2 ਫਰਿਜ, 2 ਸਟੋਵ, ਦੂਸਰੀ ਮੰਜ਼ਲ ਉਤੇ ਲਾਊਂਡਰੀ ਅਤੇ ਹੋਰ ਬਹੁਤ ਸਾਰੀਆਂ ਸਹੂਲਤਾਂ ਦੇ ਨਾਲ



jobs! jobs! jobs! jobs! jobs!

## HELP WANTED
## ਕਾਮਿਆਂ ਦੀ ਲੋੜ

DUNDAS·JAFINE

**ਜਨਰਲ ਲੇਬਰ ਦਾ ਕੰਮ ਉਪਲੱਬਧ ਹੈ**

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੋਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton

Apply In Person to complete application in the Shipping Department



## ASIAN FOOD CENTRE — Vaisakhi SALE

www.AsianFoodCentre.com
8TH APR TO 19TH APR 2022
Fresh Fruits, Vegetables, Indian & Canadian Grocery

- SHER DESI STYLE ATTA — $13.99
- TAJ ATTA — $12.99
- MEERA BESAN — $4.99
- ALMONDS — $4.99 1LB
- ASIAN BASMATI RICE — $8.99
- AFC DIAMOND RICE — $7.99
- MOTHER DAIRY PANEER — $4.29
- SAFFRON — $1.99 1G
- GOLDEN COOKIES — $5.49
- ANGUR TOOR DAL — $13.99
- TASTY BROWN SUGAR — $7.99
- REDPATH SUGAR — $2.99
- TEA INDIA — $8.99
- INDIAN ROOHAFZA — $3.49
- PARLE-G — $0.89
- BRAR RASMALAI — $8.99
- BRITANNIA DRY CAKE — $2.99
- MOTHER DAIRY MAKHANI — $3.99
- BIKANERI COOKIES — $4.99
- POPULAR PARATHA — $3.99
- HEINZ KETCHUP — $4.99
- MR GOUDAS SALT — $0.99
- INDICA NATURAL BROWN HAIR COLOR — 2 FOR $4
- PACHARANGA FOODS ASSORTED PICKLE — $3.79
- GOOD DAY COOKIES — 3 FOR $2
- SURATI SNACKS — $2.29
- APPY FIZZ — $0.99
- WAGHABAKRI TEA — $10.99
- BR TIGER GLUCOSE BISCUIT — $1.49
- MR GOUDAS CHICK PEAS — $1.49
- BIKANO DRY PETHA — $3.99
- BIKANERI GOLGAPPE — $3.29
- MR GOUDAS RED KIDNEY BEANS — $1.49
- PAKISTANI ROOHAFZA — $4.49
- BRITANNIA MILK RUSK — $3.49
- BLACK CHANA — $4.49
- CHANA DAL — $3.99
- CIAN FRESH CUT VEGETABLES — $0.79
- PRAN ASST CHUTNEY — $2.29
- PRAN FLATTENED RICE (POHA) — $1.29

### VARIETIES OF SWEETS AVAILABLE

ETOBICOKE — 10 Westmore Dr. 416-740-3262
MISSISSAUGA — 1075 Ceremonial Dr. 905-502-1600
BRAMPTON — 621 Wanless Dr. 905-495-3336
BRAMPTON — 2120 N Park Dr. 905-793-1338
BRAMPTON — 80 Pertosa Dr. 905-460-0009
BRAMPTON — 40 Airport RD & Lacoste Blvd. 905-794-8109
BRAMPTON — 10510 Torbram Rd. 905-790-0030
BRAMPTON — 10 Pannahill Dr. 905-913-8017
TOLL FREE 1-800-708-9232

We reserve the right to limit the quantity. Prices subject to change without notice, while supplies last. Product images are for illustration purpose only. Design & Print by InfoTech Media